CPS

ਕ੍ਰਾਊਨ ਪ੍ਰੋਸੀਕਿਊਟਰਾਂ ਲਈ

# ਨੇਮਾਵਲੀ

**ਅਕਤੂਬਰ 2018**

# ਤੱਤਾਂ ਦੀ ਸਾਰਣੀ


ਜਾਣ-ਪਹਿਚਾਣ....2

ਆਮ ਸਿਧਾਂਤ....3

ਇਹ ਫੈਸਲਾ ਕਰਨਾ ਕਿ ਕੀ ਮੁਕੱਦਮਾ ਚਲਾਉਣਾ ਹੈ....5

ਨੇਮਾਵਾਲੀ ਦੀ ਮੁਕੰਮਲ ਪਰਖ....7

ਪ੍ਰਵੇਸ਼-ਆਧਾਰ (ਥਰੈਸ਼ਹੋਲਡ) ਵਾਲੀ ਪਰਖ....12

ਦੋਸ਼ਾਂ ਦੀ ਚੋਣ.... 14

ਅਦਾਲਤ ਤੋਂ ਬਾਹਰ ਨਿਪਟਾਰੇ....15

ਅਦਾਲਤ ਦੀ ਜਗ੍ਹਾ....16

ਦੋਸ਼ ਕਬੂਲ ਕਰਨ ਦੀਆਂ ਬੇਨਤੀਆਂ ਸਵੀਕਾਰ ਕਰਨੀਆਂ....17

ਮੁਕੱਦਮੇ ਦੇ ਫੈਸਲੇ ਬਾਰੇ ਮੁੜ ਵਿਚਾਰਨਾ....18

# ਜਾਣ-ਪਹਿਚਾਣ

1.1. ਕ੍ਰਾਊਨ ਪ੍ਰੋਸੀਕਿਊਟਰ ਲਈ ਨੇਮਾਵਲੀ (ਨੇਮਾਵਲੀ) ਪ੍ਰੋਸੀਕਿਊਸ਼ਨ ਆਫ ਅਫੈਂਸੇਜ਼ ਐਕਟ (Prosecution of Offences Act)1985 ਦੀ ਧਾਰਾ 10 ਤਹਿਤ ਡਾਇਰਕਟੋਰੇਟ ਆਫ਼ ਪਬਲਿਕ ਪ੍ਰੋਸੀਕਿਊਸ਼ਨਜ਼ (Director of Public Prosecutions) (DPP) ਵੱਲੋਂ ਜਾਰੀ ਕੀਤੀ ਜਾਂਦੀ ਹੈ। ਇਹ ਨੇਮਾਵਲੀ ਦਾ ਅਠਵਾਂ ਸੰਸਕਰਣ ਹੈ ਅਤੇ ਇਹ ਇਸ ਤੋਂ ਪਹਿਲਾਂ ਵਾਲੇ ਸਾਰੇ ਸੰਸਕਰਣਾਂ ਦੀ ਥਾਂ ਲੈਂਦੀ ਹੈ।

1.2. DPP (ਡੀ.ਪੀ.ਪੀ.) ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ (Crown Prosecution Service) (CPS) ਦਾ ਮੁਖੀ ਹੈ ਜੋ ਇੰਗਲੈਂਡ ਅਤੇ ਵੇਲਜ਼ ਵਿੱਚ ਮੁਕੱਦਮਾ ਚਲਾਉਣ ਲਈ ਲਈ ਪ੍ਰਮੁੱਖ ਜਨਤਕ ਸੇਵਾ ਹੈ। DPP ਅਟਾਰਨੀ ਜਨਰਲ, ਜੋ CPS (ਸੀ.ਪੀ.ਐੱਸ.) ਦੇ ਕੰਮ ਲਈ ਪਾਰਲੀਮੈਂਟ (ਸੰਸਦ) ਲਈ ਜਵਾਬਦੇਹ ਹੈ, ਦੀ ਨਿਗਰਾਨੀ ਹੇਠ ਸੁਤੰਤਰ ਰੂਪ ਵਿੱਚ ਕੰਮ ਕਰਦਾ ਹੈ।

1.3. ਨੇਮਾਵਾਲੀ ਉਨ੍ਹਾਂ ਆਮ ਸਿਧਾਤਾਂ ਬਾਰੇ ਪ੍ਰੋਸੀਕਿਊਟਰਾਂ (ਮੁਕੱਦਮਾ ਚਲਾਉਣ ਵਾਲਿਆਂ) ਨੂੰ ਸੇਧ ਦਿੰਦੀ ਹੈ ਜਿਨ੍ਹਾਂ ਨੂੰ ਮੁਕੱਦਮਾ ਚਲਾਉਣ ਬਾਰੇ ਫੈਸਲਾ ਲੈਣ ਸਮੇਂ ਅਮਲ ਵਿੱਚ ਲਿਆਉਣਾ ਹੁੰਦਾ ਹੈ। ਨੇਮਾਵਲੀ ਨੂੰ ਮੁਢਲੇ ਰੂਪ ਵਿੱਚ CPS ਵਿੱਚ ਪ੍ਰੋਸੀਕਿਊਟਰਾਂ ਲਈ ਜਾਰੀ ਕੀਤਾ ਜਾਂਦਾ ਹੈ ਪਰ ਦੂਜੇ ਪ੍ਰੋਸੀਕਿਊਟਰ ਨੇਮਾਵਲੀ ਦੀ ਪਾਲਣਾ ਕਰਦੇ ਹਨ, ਜਾਂ ਤਾਂ ਪਰੰਪਰਾ ਰਾਹੀਂ ਜਾਂ ਫੇਰ ਕਿਉਂਕਿ ਕਾਨੂੰਨ ਰਾਹੀਂ ਉਨ੍ਹਾਂ ਵਾਸਤੇ ਅਜਿਹਾ ਕਰਨਾ ਜ਼ਰੂਰੀ ਹੁੰਦਾ ਹੈ।

1.4. ਇਸ ਨੇਮਾਵਲੀ ਵਿੱਚ: “”

- “ਸ਼ੱਕੀ ਵਿਅਕਤੀ” ਦੀ ਵਰਤੋਂ ਅਜਿਹੇ ਵਿਅਕਤੀ ਦਾ ਵਰਨਣ ਕਰਨ ਲਈ ਕੀਤੀ ਜਾਂਦੀ ਹੈ ਜਿਸ ਨੂੰ ਰਸਮੀ ਫੌਜਦਾਰੀ ਪ੍ਰਕਿਰਿਆਵਾਂ ਦੇ ਪਾਤਰ ਤਹਿਤ ਵਿਚਾਰਿਆ ਜਾਂਦਾ ਹੈ;
- “ਪ੍ਰਤਿਵਾਦੀ” ਦੀ ਵਰਤੋਂ ਅਜਿਹੇ ਵਿਅਕਤੀ ਦਾ ਵਰਨਣ ਕਰਨ ਲਈ ਕੀਤੀ ਜਾਂਦੀ ਹੈ ਜਿਸ ਉੱਤੇ ਦੋਸ਼ ਲਗਾਇਆ ਹੈ ਜਾਂ ਜਿਸ ਨੂੰ ਬੁਲਾਵਾ ਭੇਜਿਆ ਜਾਂਦਾ ਹੈ;
- “ਅਪਰਾਧੀ” ਦੀ ਵਰਤੋਂ ਅਜਿਹੇ ਵਿਅਕਤੀ ਦਾ ਵਰਨਣ ਕਰਨ ਲਈ ਕੀਤੀ ਜਾਂਦੀ ਹੈ ਜਿਸ ਨੇ ਜੁਰਮ ਕਰਨ ਲਈ ਆਪਣਾ ਦੋਸ਼ ਸਵੀਕਾਰ ਕਰ ਲਿਆ ਹੈ, ਜਾਂ ਜਿਸ ਨੂੰ ਅਦਾਲਤ ਵੱਲੋਂ ਦੋਸ਼ੀ ਸਾਬਤ ਕੀਤਾ ਜਾਂਦਾ ਹੈ;
- “ਪੀੜ੍ਹਤ” ਦੀ ਵਰਤੋਂ ਅਜਿਹੇ ਵਿਅਕਤੀ ਦਾ ਵਰਨਣ ਕਰਨ ਲਈ ਕੀਤੀ ਜਾਂਦੀ ਹੈ ਜਿਸ ਵਿਰੁੱਧ ਅਪਰਾਧ ਕੀਤਾ ਗਿਆ ਹੈ, ਜਾਂ ਜੋ CPS ਵੱਲੋਂ ਵਿਚਾਰੇ ਜਾ ਰਹੇ ਜਾਂ ਮੁਕੱਦਮਾ ਚਲਾਏ ਕੇਸ ਵਿੱਚ ਇੱਕ ਸ਼ਿਕਾਇਤਕਰਤਾ ਹੈ।

# ਆਮ ਸਿਧਾਂਤ

2.1. ਲੋਕਤੰਤਰੀ ਸਮਾਜ ਦੀ ਫੌਜਦਾਰੀ ਨਿਆਂਇਕ ਪ੍ਰਣਾਲੀ ਵਿੱਚ ਪ੍ਰੋਸੀਕਿਊਟਰ ਦੀ ਸੁੰਤਤਰਤਾ ਕੇਂਦਰ ਵਿੱਚ (ਸਭ ਤੋਂ ਅਹਿਮ) ਹੁੰਦੀ ਹੈ। ਪ੍ਰੋਸੀਕਿਊਟਰ ਉਨ੍ਹਾਂ ਵਿਅਕਤੀਆਂ ਜਾਂ ਏਜੰਸੀਆਂ ਤੋਂ ਸੁਤੰਤਰ ਹੁੰਦੇ ਹਨ ਜੋ ਮੁੱਕਦਮਾ ਚਲਾਉਣ ਬਾਰੇ ਫੈਸਲਾ ਕਰਨ ਦੀ ਪ੍ਰਕਿਰਿਆ ਦਾ ਹਿੱਸਾ ਨਹੀਂ ਹੁੰਦੀਆਂ। CPS ਪ੍ਰੋਸੀਕਿਊਟਰ ਪੁਲਿਸ ਅਤੇ ਹੋਰਨਾਂ ਏਜੰਸੀਆਂ ਤੋਂ ਵੀ ਸੁਤੰਤਰ ਹੁੰਦੇ ਹਨ। ਇਹ ਲਾਜ਼ਮੀ ਹੈ ਕਿ ਪ੍ਰੋਸੀਕਿਊਟਰਾਂ ਬਗੈਰ ਕਿਸੇ ਰਾਜਨੀਤਕ ਦਖਲ ਤੋਂ ਆਪਣੇ ਪੇਸ਼ੇਵਰਾਨਾ ਫ਼ਰਜ਼ਾਂ ਦਾ ਨਿਭਾਅ ਕਰਨ ਅਤੇ ਲਾਜ਼ਮੀ ਹੈ ਕਿ ਉਹ ਕਿਸੇ ਵੀ ਸ੍ਰੋਤ ਦੇ ਅਢੁਕਵੇਂ ਜਾਂ ਬੇਲੋੜੇ ਦਬਾਅ ਜਾਂ ਪ੍ਰਭਾਵ ਤੋਂ ਪ੍ਰਭਾਵਿਤ ਨਾ ਹੋਣ।

2.2. ਇਹ ਫੈਸਲਾ ਕਰਨਾ CPS ਦਾ ਕੰਮ ਨਹੀਂ ਹੈ ਕਿ ਕੀ ਇੱਕ ਵਿਅਕਤੀ ਫੌਜਦਾਰੀ ਅਪਰਾਧ ਦਾ ਦੋਸ਼ੀ ਹੈ, ਬਲਕਿ ਇਸ ਨੇ ਇਸ ਬਾਰੇ ਮੁਲਾਂਕਣ ਕਰਨਾ ਹੈ ਕਿ ਕੀ ਫੌਜਦਾਰੀ ਅਦਾਲਤ ਵਿੱਚ ਵਿਚਾਰੇ ਜਾਣ ਲਈ ਦੋਸ਼ ਆਇਦ ਕਰਨਾ ਉਚਿਤ ਹੈ। ਕਿਸੇ ਵੀ ਕੇਸ ਲਈ CPS ਦਾ ਮੁਲਾਂਕਣ ਕਿਸੇ ਦੋਸ਼ ਜਾਂ ਮੁਜਰਮਾਨਾ ਵਿਵਹਾਰ ਬਾਰੇ ਕਿਸੇ ਤਰ੍ਹਾਂ ਨਾਲ ਇੱਕ ਜਾਂਚ-ਨਤੀਜਾ, ਜਾਂ ਇਸ ਬਾਰੇ ਅਨੁਮਾਨ ਨਹੀਂ ਹੁੰਦਾ। ਦੋਸ਼ ਬਾਰੇ ਜਾਂਚ-ਨਤੀਜਾ ਸਿਰਫ ਇੱਕ ਅਦਾਲਤ ਵੱਲੋਂ ਕੱਢਿਆ ਜਾ ਸਕਦਾ ਹੈ।

2.3. ਇਸੇ ਤਰ੍ਹਾਂ ਨਾਲ ਇਹ ਜ਼ਰੂਰੀ ਨਹੀਂ ਹੈ ਕਿ ਫੌਜਦਾਰੀ ਦੋਸ਼ ਨਾ ਲਗਾਉਣ ਦੇ ਫੈਸਲੇ ਦਾ ਇਹ ਅਰਥ ਹੁੰਦਾ ਹੈ ਕਿ ਇੱਕ ਵਿਅਕਤੀ ਜੁਰਮ ਦਾ ਪੀੜ੍ਹਤ ਨਹੀਂ ਰਿਹਾ ਹੈ। ਅਜਿਹੇ ਨਿਰਧਾਰਣ ਕਰਨਾ CPS ਦੀ ਭੂਮਿਕਾ ਨਹੀਂ ਹੈ।

2.4. ਮੁਕੱਦਮਾ ਚਲਾਉਣ ਜਾਂ ਅਦਾਲਤ ਤੋਂ ਬਾਹਰ ਵਾਲੇ ਫੈਸਲੇ ਲਈ ਸਿਫਾਰਸ਼ ਦਾ ਫੈਸਲਾ ਇੱਕ ਗੰਭੀਰ ਕਦਮ ਹੈ ਜੋ ਸ਼ੱਕੀ ਵਿਅਕਤੀਆਂ, ਪੀੜ੍ਹਤਾਂ, ਗਵਾਹਾਂ ਅਤੇ ਵਿਆਪਕ ਰੂਪ ਵਿੱਚ ਆਮ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਨੂੰ ਲਾਜ਼ਮੀ ਤੌਰ ’ਤੇ ਬੇਹਦ ਧਿਆਨ ਨਾਲ ਕਰਨਾ ਚਾਹੀਦਾ ਹੈ।

2.5. ਇਹ ਪ੍ਰੋਸੀਕਿਊਟਰਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਚਿਤ ਜੁਰਮ ਲਈ ਸਹੀ ਵਿਅਕਤੀ ’ਤੇ ਮੁਕੱਦਮਾ ਚਲਾਇਆ ਜਾਵੇ ਅਤੇ ਜਿੱਥੇ ਕਿਧਰੇ ਵੀ ਸੰਭਵ ਹੁੰਦਾ ਹੈ ਮੁਜਰਮਾਂ ਨੂੰ ਸਜ਼ਾ ਦੁਆਈ ਜਾਵੇ। ਪੀੜ੍ਹਤਾਂ, ਗਵਾਹਾਂ, ਸ਼ੱਕੀ ਵਿਅਕਤੀਆਂ, ਪ੍ਰਤਿਵਾਦੀਆਂ ਅਤੇ ਆਮ ਲੋਕਾਂ ਲਈ ਨਿਆਂ ਹਾਸਲ ਕਰਨ ਵਾਸਤੇ ਮਦਦ ਲਈ ਕੇਸਵਰਕ ਫੈਸਲੇ ਉਚਿਤ ਢੰਗ ਨਾਲ, ਨਿਰਪੱਖਤਾ ਨਾਲ ਅਤੇ ਇਮਾਨਦਾਰੀ ਨਾਲ ਲਏ ਜਾਂਦੇ ਹਨ। ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਾਨੂੰਨ ਨੂੰ ਸਹੀ ਤਰ੍ਹਾਂ ਨਾਲ ਲਾਗੂ ਕੀਤਾ ਜਾਵੇ, ਇਹ ਕਿ ਅਦਾਲਤ ਅੱਗੇ ਢੁਕਵਾਂ ਸਬੂਤ ਪੇਸ਼ ਕੀਤਾ ਜਾਵੇ ਅਤੇ ਪ੍ਰਗਟਾਵੇ ਦੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕੀਤੀ ਜਾਵੇ।

2.6. ਹਾਲਾਂਕਿ ਹਰੇਕ ਕੇਸ ਬਾਰੇ ਇਸ ਦੇ ਆਪਣੇ ਤੱਥਾਂ ਅਤੇ ਇਸੀ ਦੀਆਂ ਆਪਣੀਆਂ ਯੋਗਤਾਵਾਂ ਬਾਰੇ ਲਾਜ਼ਮੀ ਤੌਰ ’ਤੇ ਵਿਚਾਰ ਕਰਨਾ ਚਾਹੀਦਾ ਹੈ, ਪਰ ਆਮ ਸਿਧਾਂਤ ਹੁੰਦੇ ਹਨ ਜੋ ਹਰੇਕ ਮਾਮਲੇ ਵਿੱਚ ਲਾਗੂ ਹੁੰਦੇ ਹਨ।

2.7. ਫੈਸਲਾ ਕਰਨ ਸਮੇਂ, ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਨਿਆਂਕਾਰੀ ਅਤੇ ਨਿਰਪੱਖ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸ਼ੱਕੀ ਵਿਅਕਤੀ, ਪ੍ਰਤਿਵਾਦੀ, ਪੀੜ੍ਹਤ ਜਾਂ ਕਿਸੇ ਹੋਰ ਗਵਾਹ ਦੇ ਨਸਲੀ ਜਾਂ ਰਾਸ਼ਟਰੀ ਮੂਲ, ਲਿੰਗ, ਅਸਮਰੱਥਾ, ਉਮਰ, ਧਰਮ ਜਾਂ ਆਸਥਾ, ਜਿਨਸੀ ਝੁਕਾਅ ਜਾਂ ਲਿੰਗਕ ਪਹਿਚਾਣ ਬਾਰੇ ਕਿਸੇ ਵੀ ਨਿੱਜੀ ਵਿਚਾਰਾਂ ਨੂੰ ਆਪਣੇ ਫੈਸਲਿਆਂ ਉੱਤੇ ਪ੍ਰਭਾਵਿਤ ਨਹੀਂ ਹੋਣ ਦੇਣਾ ਚਾਹੀਦਾ। ਨਾ ਹੀ ਉਹ ਲਾਜ਼ਮੀ ਤੌਰ ’ਤੇ ਸਿਆਸੀ ਸੋਚ-ਵਿਚਾਰਾਂ ਤੋਂ ਪ੍ਰੇਰਤ ਹੋਣੇ ਚਾਹੀਦੇ ਹਨ। ਪ੍ਰੋਸੀਕਿਊਟਰਾਂ ਨੂੰ ਮਹਿਜ਼ ਦੋਸ਼ ਸਾਬਤ ਕਰਨ ਦੇ ਉਦੇਸ਼ ਲਈ ਨਹੀਂ ਬਲਿਕ ਹਮੇਸ਼ਾ ਨਿਆਂ ਦੇ ਹਿੱਤ ਵਿੱਚ ਕੰਮ ਕਰਨਾ ਚਾਹੀਦਾ ਹੈ।

2.8. ਪ੍ਰੋਸੀਕਿਊਟਰਾਂ ਨੂੰ ਹਰੇਕ ਕੇਸ ਵਿੱਚ ਆਪਣੀ ਪਹੁੰਚ ਲਈ ਲਾਜ਼ਮੀ ਤੌਰ ’ਤੇ ਨਿਰਪੱਖ ਹੋਣਾ ਚਾਹੀਦਾ ਹੈ, ਅਤੇ ਪੀੜ੍ਹਤਾਂ ਨੂੰ ਸੰਭਵ ਹੱਦ ਤੱਕ ਬਿਹਤਰੀਨ ਸੇਵਾ ਮੁਹੱਈਆ ਕਰਦੇ ਸਮੇਂ ਉਨ੍ਹਾਂ ਦਾ ਸ਼ੱਕੀ ਵਿਅਕਤੀਆਂ ਅਤੇ ਪ੍ਰਤਿਵਾਦੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਕਰਨ ਦਾ ਫ਼ਰਜ਼ ਹੁੰਦਾ ਹੈ।

2.9. CPS ਮੌਜੂਦਾ ਸਬੰਧਤ ਸਮਾਨਤਾ ਕਾਨੂੰਨ ਦੇ ਉਦਸ਼ਾਂ ਲਈ ਇੱਕ ਜਨਤਕ ਅਥਾਰਟੀ ਹੈ। ਪ੍ਰੋਸੀਕਿਊਟਰ ਕਾਨੂੰਨ ਵਿੱਚ ਦਿੱਤੇ ਫ਼ਰਜ਼ਾਂ ਨੂੰ ਮੰਨਣ ਦੇ ਪਾਬੰਦ ਹੁੰਦੇ ਹਨ।

2.10. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਕੇਸ ਦੇ ਹਰੇਕ ਪੜਾਅ ਵਿੱਚ ਹਿਊਮਨ ਰਾਈਟਸ ਐਕਟ (Human Rights Act) 1998 ਮੁਤਾਬਕ ਮਨੁੱਖੀ ਅਧਿਕਾਰਾਂ ਬਾਰੇ ਯੂਰਪੀਅਨ ਕਨਵੈਨਸ਼ਨ (European Convention on Human Rights) ਦੇ ਸਿਧਾਤਾਂ ਨੂੰ ਲਾਜ਼ਮੀ ਤੌਰ ’ਤੇ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਅਟਾਰਨੀ ਜਨਰਲ ਵੱਲੋਂ ਜਾਰੀ ਕੀਤੇ ਕਿਸੇ ਵੀ ਦਿਸ਼ਾ-ਨਿਰਦੇਸ਼ਾਂ ਅਤੇ DPP ਤਰਫੋਂ CPS ਵੱਲੋਂ ਜਾਰੀ ਨੀਤੀਆਂ ਅਤੇ ਸੇਧ ਦੀ ਪਾਲਣਾ ਕਰਨੀ ਚਾਹੀਦੀ ਹੈ। CPS ਦੀ ਸੇਧ ਵਿੱਚ ਖਾਸ ਜੁਰਮਾਂ ਅਤੇ ਮੁਜਰਮਾਂ ਲਈ ਹੋਰ ਸਬੂਤ ਅਧਾਰਤ ਅਤੇ ਜਨਤਕ ਹਿੱਤ ਵਾਲੇ ਕਾਰਕ ਸ਼ਾਮਲ ਹੁੰਦੇ ਹਨ ਅਤੇ ਇਹ ਆਮ ਲੋਕਾਂ ਦੇ ਦੇਖਣ ਲਈ CPS ਵੈਬਸਾਈਟ ’ਤੇ ਉਪਲਬਧ ਹੈ। ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਫੌਜਕਾਰੀ ਕਾਰਜ-ਪ੍ਰਕਿਰਿਆ ਦੇ ਨਿਯਮਾਂ (Criminal Procedure Rules) ਅਤੇ ਫੌਜਦਾਰੀ ਵਿਹਾਰ ਦੇ ਨਿਰਦੇਸ਼ਾਂ (Criminal Practice Directions) ਦੀ ਪਾਲਣਾ ਕਰਨੀ ਚਾਹੀਦੀ ਹੈ, ਅਤੇ ਸਜ਼ਾ ਦੇਣ ਸਬੰਧ ਕੌਂਸਲ ਦੇ ਦਿਸ਼ਾ-ਨਿਰਦੇਸ਼ਾਂ (Sentencing Council Guidelines) ਅਤੇ ਅੰਤਰਰਾਸ਼ਟਰੀ ਕਨਵੈਨਸ਼ਨਾਂ ਤੋਂ ਉਤਪੰਨ ਜ਼ਿੰਮੇਵਾਰੀਆਂ ਵੱਲ ਧਿਆਨ ਦੇਣਾ ਚਾਹੀਦਾ ਹੈ।

2.11. CPS ਕੁਝ ਹੋਰ ਸਰਕਾਰੀ ਮਹਿਕਮਿਆਂ ਦੀ ਤਰਫੋਂ ਵੀ ਮੁਕੱਦਮਾ ਚਲਾਉਂਦੀ ਹੈ। ਅਜਿਹੇ ਕੇਸਾਂ ਵਿੱਚ ਪ੍ਰੋਸੀਕਿਊਟਰਾਂ ਨੂੰ ਉਨ੍ਹਾਂ ਮਹਿਕਮਿਆਂ ਦੀਆਂ ਲਾਗੂ ਹੋਣ ਵਾਲੀਆਂ ਕਿਸੇ ਵੀ ਢੁਕਵੀਆਂ ਨੀਤੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

2.12. ਇੰਗਲੈਂਡ ਅਤੇ ਵੇਲਜ਼ ਵਿੱਚ ਕੁਝ ਜੁਰਮਾਂ ਲਈ CPS ਵੱਲੋਂ ਜਾਂ ਕਿਸੇ ਹੋਰ ਪ੍ਰੋਸੀਕਿਊਟਰਾਂ ਵੱਲੋਂ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਹਨਾਂ ਕੇਸਾਂ ਵਿੱਚ ਫੈਸਲਾ ਕਰਨ ਸਮੇਂ, CPS ਪ੍ਰੋਸੀਕਿਊਟਰ, ਜਿੱਥੇ ਉਨ੍ਹਾਂ ਨੂੰ ਅਜਿਹਾ ਕਰਨਾ ਢੁਕਵਾਂ ਲੱਗਦਾ ਹੈ, ਕਿਸੇ ਹੋਰ ਪ੍ਰੋਸੀਕਿਊਟਰ ਦੀ ਕਿਸੇ ਸਬੰਧਤ ਪਾਲਣਾ, ਜਾਂ ਮੁਕੱਦਮਾ ਕਰਨ ਦੀ ਨੀਤੀ ਜਾਂ ਨੇਮਾਵਲੀ ਨੂੰ ਧਿਆਨ ਵਿੱਚ ਰੱਖ ਸਕਦੇ ਹਨ।

2.13. ਜਿੱਥੇ ਇੰਗਲੈਂਡ ਅਤੇ ਵੇਲਜ਼ ਵਿੱਚ ਕਾਨੂੰਨ ਵੱਖੋ-ਵੱਖਰੇ ਹੁੰਦੇ ਹਨ ਉੱਥੇ ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਨੇਮਾਵਲੀ ਲਾਗੂ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਸਬੰਧਤ ਨੀਤੀ, ਸੇਧ ਜਾਂ ਦੋਸ਼ ਲਾਉਣ ਸਬੰਧੀ ਮਿਆਰ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

## ਇਹ ਫੈਸਲਾ ਕਰਨਾ ਕਿ ਕੀ ਮੁਕੱਦਮਾ ਚਲਾਉਣਾ ਹੈ

3.1. ਜ਼ਿਆਦਾ ਗੰਭੀਰ ਜਾਂ ਪੇਚੀਦਾ ਕੇਸਾਂ ਵਿੱਚ, ਪ੍ਰੋਸੀਕਿਊਟਰ ਇਹ ਫੈਸਲਾ ਕਰਦੇ ਹਨ ਕਿ ਕੀ ਇੱਕ ਵਿਅਕਤੀ ਵਿਰੁੱਧ ਫੌਜਦਾਰੀ ਜੁਰਮ ਦਾ ਦੋਸ਼ ਲਗਾਉਣਾ ਚਾਹੀਦਾ ਹੈ ਅਤੇ, ਜੇ ਅਜਿਹਾ ਹੈ, ਤਾਂ ਜੁਰਮ ਕਿਹੜਾ ਹੋਣਾ ਚਾਹੀਦਾ ਹੈ। ਪ੍ਰੋਸੀਕਿਊਟਰ ਮੁਕੱਦਮਾ ਚਲਾਉਣ ਦੇ ਵਿਕਲਪ ਵੱਜੋਂ ਅਦਾਲਤ ਤੋਂ ਬਾਹਰ ਨਿਪਟਾਰੇ ਲਈ ਵੀ ਸਲਾਹ ਦੇ ਸਕਦੇ ਹਨ ਜਾਂ ਅਧਿਕਾਰ ਦੇ ਸਕਦੇ ਹਨ। ਉਹ ਇਸ ਨੇਮਾਵਲੀ, ਦੋਸ਼ ਲਗਾਉਣ ਬਾਰੇ DPP ਦੀ ਸੇਧ ਅਤੇ ਕਿਸੇ ਵੀ ਸਬੰਧਤ ਕਾਨੂੰਨੀ ਸੇਧ ਜਾਂ ਨੀਤੀ ਮੁਤਾਬਕ ਆਪਣਾ ਫੈਸਲਾ ਕਰ ਸਕਦੇ ਹਨ। ਪੁਲਿਸ ਵੀ ਇਸ ਬਾਰੇ ਫੈਸਲਾ ਕਰਨ ਵਿੱਚ ਬਿਲਕੁਲ ਉਹੀ ਸਿਧਾਤਾਂ ਨੂੰ ਅਮਲ ਵਿੱਚ ਲਿਆਉਂਦੀ ਹੈ ਕਿ ਕੀ ਇੱਕ ਵਿਅਕਤੀ ਵਿਰੁੱਧ ਫੌਜਦਾਰੀ ਕਾਰਵਾਈਆਂ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਜਿਸ ਲਈ ਉਹ ਜ਼ਿੰਮੇਵਾਰ ਹਨ।

3.2. ਪੁਲਿਸ ਅਤੇ ਹੋਰ ਜਾਂਚਕਰਤਾ ਕਿਸੇ ਵੀ ਕਥਿਤ ਜੁਰਮ ਬਾਰੇ ਜਾਂਚ ਕਰਵਾਉਣ ਅਤੇ ਇਹ ਫੈਸਲਾ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ ਕਿ ਆਪਣੇ ਸ੍ਰੋਤਾਂ ਨੂੰ ਕਿਵੇਂ ਵਰਤਿਆ ਜਾਵੇ। ਇਸ ਵਿੱਚ ਜਾਂਚ ਸ਼ੁਰੂ ਕਰਨ ਜਾਂ ਜਾਰੀ ਰੱਖਣ, ਅਤੇ ਜਾਂਚ ਦੇ ਦਾਇਰੇ ਬਾਰੇ ਫੈਸਲੇ ਸ਼ਾਮਲ ਹਨ। ਪ੍ਰੋਸੀਕਿਊਟਰਾਂ ਨੂੰ ਪੁਲਿਸ ਅਤੇ ਹੋਰ ਜਾਂਚਕਰਤਾਵਾਂ ਨੂੰ ਜਾਂਚ ਦੇ ਪ੍ਰਸ਼ਨਾਂ ਦੀ ਸੰਭਾਵੀ ਉਚਿਤ ਤਰਤੀਬ, ਸਬੂਤ ਸਬੰਧੀ ਜ਼ਰੂਰਤਾਂ, ਦੋਸ਼ ਲਗਾਉਣ ਤੋਂ ਪਹਿਲਾਂ ਵਾਲੀਆਂ ਕਾਰਜ-ਪ੍ਰਕਿਰਿਆਵਾਂ, ਪ੍ਰਗਟਾਵੇ ਦੇ ਪ੍ਰਬੰਧਨ ਅਤੇ ਸਮੁੱਚੀ ਜਾਂਚ ਰਣਨੀਤੀ ਬਾਰੇ ਸਲਾਹ ਦੇਣੀ ਚਾਹੀਦੀ ਹੈ। ਇਸ ਵਿੱਚ ਮੁਜਰਮਾਨਾ ਵਿਵਹਾਰ ਦੇ ਦਾਇਰੇ ਵਿੱਚ ਸੋਧ ਕਰਨ ਜਾਂ ਦਾਇਰੇ ਨੂੰ ਛੋਟਾ ਬਣਾਉਣ ਅਤੇ ਜਾਂਚ ਅਧੀਨ ਸ਼ੱਕੀਆਂ ਦੀਆਂ ਗਿਣਤੀਆਂ ਬਾਰੇ ਫੈਸਲਾ ਕਰਨਾ ਸ਼ਾਮਲ ਹੋ ਸਕਦਾ ਹੈ। ਅਜਿਹੀ ਸਲਾਹ ਪੁਲਿਸ ਅਤੇ ਹੋਰਨਾਂ ਜਾਂਚਕਰਤਾਵਾਂ ਨੂੰ ਮੁਨਾਸਬ ਸਮੇਂ ਅੰਦਰ ਜਾਂਚ ਮੁਕੰਮਲ ਕਰਨ ਅਤੇ ਸਭ ਤੋਂ ਅਸਰਦਾਰ ਪ੍ਰੋਸੀਕਿਊਸ਼ਨ ਕੇਸ ਬਣਾਉਣ ਵਿੱਚ ਮਦਦ ਕਰਦੀ ਹੈ।

3.3. ਪ੍ਰੋਸੀਕਿਊਟਰ ਪੁਲਿਸ ਜਾਂ ਹੋਰਨਾਂ ਜਾਂਚਕਰਤਾਵਾਂ ਨੂੰ ਨਿਰਦੇਸ਼ ਨਹੀਂ ਦੇ ਸਕਦੇ। ਪਰ, ਪ੍ਰੋਸੀਕਿਊਟਰਾਂ ਨੂੰ ਇਹ ਫੈਸਲਾ ਕਰਨ ਸਮੇਂ, ਕਿ ਕੀ ਨੇਮਾਵਲੀ ਦੀ ਮੁਕੰਮਲ ਪਰਖ ਦੇ ਅਮਲ ਨੂੰ ਮੁਲਤਵੀ ਕਰਨਾ ਚਾਹੀਦਾ ਹੈ ਜਾਂ ਪਰਖ ਨੂੰ ਕਿਸੇ ਤਰ੍ਹਾਂ ਪੂਰਾ ਕੀਤਾ ਜਾ ਸਕਦਾ ਹੈ, ਸਲਾਹ ਦਿੱਤੀ ਪ੍ਰਸ਼ਨਾਂ ਦੀ ਤਰਤੀਬ ਦਾ ਅਨੁਸਰਣ ਕਰਨ ਜਾਂ ਜਾਣਕਾਰੀ ਲਈ ਬੇਨਤੀ ਦੀ ਪਾਲਣਾ ਕਰਨ ਸਬੰਧੀ ਕਿਸੇ ਤਰ੍ਹਾਂ ਦੀ ਨਾਕਾਮੀ ਦੇ ਸਬੰਧ ਵਿੱਚ ਲਾਜ਼ਮੀ ਤੌਰ ’ਤੇ ਧਿਆਨ ਦੇਣਾ ਚਾਹੀਦਾ ਹੈ।

3.4. ਪ੍ਰੋਸੀਕਿਊਟਰਾਂ ਨੂੰ ਸਬੂਤ ਸਬੰਧੀ ਕਮਜ਼ੋਰੀਆਂ ਦੀ ਪਹਿਚਾਣ ਕਰਨੀ ਚਾਹੀਦੀ ਹੈ ਅਤੇ, ਜਿੱਥੇ ਕਿਧਰੇ ਸੰਭਵ ਹੁੰਦਾ ਹੈ, ਇਸ ਵਿੱਚ ਸੋਧ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ, ਪ੍ਰਵੇਸ਼-ਅਧਾਰ ਵਾਲੀ ਪਰਖ ਹੋਣ ’ਤੇ (ਦੇਖੋ ਭਾਗ 5), ਉਨ੍ਹਾਂ ਨੂੰ ਅਜਿਹੇ ਕੇਸ ਤੁਰੰਤ ਬੰਦ ਕਰ ਦੇਣੇ ਚਾਹੀਦੇ ਹਨ ਜੋ ਨੇਮਾਵਲੀ ਦੀ ਮੁਕੰਮਲ ਪਰਖ ਦੇ ਸਬੂਤ ਵਾਲੇ ਪੜਾਅ ਨੂੰ ਪੂਰਾ ਨਹੀਂ ਕਰਦੇ (ਦੇਖੋ ਭਾਗ 4) ਅਤੇ ਜਿਸ ਨੂੰ ਹੋਰ ਜਾਂਚ ਦੁਆਰਾ ਮਜਬੂਤ ਨਹੀਂ ਬਣਾਇਆ ਜਾ ਸਕਦਾ, ਜਾਂ ਜਿੱਥੇ ਜਨਤਕ ਹਿੱਤ ਲਈ ਸਾਫ ਤੌਰ ’ਤੇ ਮੁਕੱਦਮੇ ਦੀ ਕਾਰਵਾਈ ਕਰਨ ਦੀ ਲੋੜ ਨਹੀਂ ਹੁੰਦੀ (ਦੇਖੋ ਭਾਗ 4)। ਹਾਲਾਂਕਿ ਪ੍ਰੋਸੀਕਿਊਟਰ ਮੁਢਲੇ ਰੂਪ ਵਿੱਚ ਪੁਲਿਸ ਜਾਂ ਹੋਰ ਜਾਂਚਕਰਤਾਵਾਂ ਵੱਲੋਂ ਦਿੱਤੇ ਸਬੂਤ ਅਤੇ ਜਾਣਕਾਰੀ ਉੱਤੇ ਵਿਚਾਰ ਕਰਦੇ ਹਨ ਪਰ ਸ਼ੱਕੀ ਵਿਅਕਤੀ ਜਾਂ ਉਨ੍ਹਾਂ ਤਰਫੋਂ ਕਾਰਵਾਈ ਕਰਨ ਵਾਲੇ ਵਿਅਕਤੀ ਦੋਸ਼ ਲਗਾਉਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਪ੍ਰੋਸੀਕਿਊਟਰ ਦੇ ਫੈਸਲੇ ਵਿੱਚ ਸ਼ਾਮਲ ਕੀਤੇ ਜਾਣ ਲਈ ਸਬੂਤ ਜਾਂ ਹੋਰ ਜਾਣਕਾਰੀ ਦੇ ਸਕਦੇ ਹਨ। ਢੁਕਵੇਂ ਕੇਸਾ ਵਿੱਚ, ਪ੍ਰੋਸੀਕਿਊਟਰ ਸ਼ੱਕੀ ਵਿਅਕਤੀ ਜਾਂ ਉਨ੍ਹਾਂ ਦੇ ਪ੍ਰਤੀਨਿਧੀ ਨੂੰ ਅਜਿਹਾ ਕਰਨ ਲਈ ਸੱਦਾ ਦੇ ਸਕਦਾ ਹੈ।

3.5. ਪ੍ਰੋਸੀਕਿਊਟਰ ਨੂੰ ਉੱਥੇ ਮੁਕੱਦਮੇ ਦੀ ਕਾਰਵਾਈ ਸ਼ੁਰੂ ਜਾਂ ਜਾਰੀ ਨਹੀਂ ਰੱਖਣੀ ਚਾਹੀਦੀ ਜਿੱਥੇ ਉਨ੍ਹਾਂ ਦਾ ਵਿਚਾਰ ਹੈ ਕਿ ਇਸ ਗੱਲ ਦੀ ਕਾਫੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿ ਅਦਾਲਤ ਇਹ ਫੈਸਲਾ ਦੇਵੇਗੀ ਕਿ ਮੁਕੱਦਮਾ ਚਲਾਇਆ ਜਾਣਾ ਪ੍ਰਕਿਰਿਆ ਦੀ ਦੁਰਵਰਤੋਂ ਹੈ ਅਤੇ ਉਹ ਕਾਰਵਾਈਆਂ ਉੱਤੇ ਰੋਕ ਲਗਾ ਦੇਵੇਗੀ।

3.6. ਪ੍ਰੋਸੀਕਿਊਟਰ ਉਸ ਹਰੇਕ ਕੇਸ ਦੀ ਸਮੀਖਿਆ ਕਰਦੇ ਹਨ ਜੋ ਉਹ ਪੁਲਿਸ ਜਾਂ ਹੋਰਨਾਂ ਜਾਂਚਕਰਤਾਵਾਂ ਤੋਂ ਪ੍ਰਾਪਤ ਕਰਦੇ ਹਨ। ਸਮੀਖਿਆ ਇੱਕ ਨਿਰੰਤਰ ਪ੍ਰਕਿਰਿਆ ਹੈ ਅਤੇ ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਹਾਲਾਤ ਵਿੱਚ ਕਿਸੇ ਵੀ ਤਬਦੀਲੀ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਜੋ ਕੇਸ ਦੇ ਅੱਗੇ ਵਧਣ ਨਾਲ ਵਾਪਰਦੀ ਹੈ। ਇਸ ਵਿੱਚ ਸ਼ਾਮਲ ਹੈ ਬਚਾਅ

ਪੱਖ ਦੇ ਕੇਸ ਵਿੱਚ ਜੋ ਪਤਾ ਲੱਗਦਾ ਹੈ, ਪ੍ਰਸ਼ਨਾਂ ਦੀ ਕੋਈ ਵੀ ਮੁਨਾਸਬ ਤਰਤੀਬ ਜਿਸ ਦਾ ਅਨੁਸਰਣ ਕਰਨਾ ਚਾਹੀਦਾ ਹੈ, ਅਣਵਰਤੀ ਸਾਮੱਗਰੀ ਦੀ ਪ੍ਰਾਪਤੀ ਜੋ ਪ੍ਰੋਸੀਕਿਊਸ਼ਨ ਕੇਸ ਨੂੰ ਕਮਜ਼ੋਰ ਕਰ ਸਕਦੀ ਹੈ ਬਚਾਅ ਪੱਖ ਦੇ ਕੇਸ ਦੀ ਸਹਾਇਤਾ ਕਰ ਸਕਦੀ ਹੈ, ਉਹ ਹੱਦ ਜਿੱਥੋਂ ਤੱਕ ਦੋਸ਼ਾਂ ਨੂੰ ਬਦਲਨਾ ਜਾਂ ਰੋਕ ਦੇਣਾ ਚਾਹੀਦਾ ਹੈ ਜਾਂ ਪ੍ਰੋਸੀਕਿਊਸ਼ਨ ਨੂੰ ਅੱਗੇ ਨਹੀਂ ਵਧਣਾ ਚਾਹੀਦਾ। ਜੇ ਕੇਸ ਨੂੰ ਬੰਦ ਕੀਤਾ ਜਾਂਦਾ ਹੈ, ਤਾਂ ਸਮਾਪਤੀ ਦੇ ਤਰੀਕੇ ਦੀ ਚੋਣ ਕਰਨ ਸਮੇਂ ਧਿਆਨ ਰੱਖਣਾ ਚਾਹੀਦਾ ਹੈ, ਕਿਉਂਕਿ ਇਹ ਪੀੜ੍ਹਤ ਦੇ ਸਮੀਖਿਆ ਕਰਨ ਦੇ ਅਧਿਕਾਰ (Victims' Right to Review) ਸਬੰਧੀ ਸਕੀਮ ਤਹਿਤ ਪੀੜ੍ਹਤ ਉੱਤੇ ਅਸਰ ਪਾ ਸਕਦਾ ਹੈ। ਜਿੱਥੇ ਕਿਧਰੇ ਸੰਭਵ ਹੁੰਦਾ ਹੈ, ਪ੍ਰੋਸੀਕਿਊਟਰਾਂ ਨੂੰ ਕੇਸ ਵਿੱਚ ਤਬਦੀਲੀਆਂ ਕਰਨ ਜਾਂ ਇਸ ਨੂੰ ਬੰਦ ਕਰਨ ਬਾਰੇ ਵਿਚਾਰ ਕਰਨ ਸਮੇਂ ਜਾਂਚਕਰਤਾ ਨਾਲ ਸਲਾਹ ਕਰਨੀ ਚਾਹੀਦੀ ਹੈ। ਪ੍ਰੋਸੀਕਿਊਟਰ ਅਤੇ ਜਾਂਚਕਰਤਾ ਨੇੜੇ ਹੋ ਕੇ ਇਕੱਠੇ ਕੰਮ ਕਰਦੇ ਹਨ ਪਰ ਇਹ ਫੈਸਲਾ ਲੈਣ ਦੀ ਅੰਤਿਮ ਜ਼ਿਮੇਵਾਰੀ CPS ਦੀ ਹੁੰਦੀ ਹੈ ਕਿ ਕੀ ਕੇਸ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਜਾਂ ਨਹੀਂ।

3.7. ਪਾਰਲੀਮੈਂਟ ਨੇ ਇਹ ਫੈਸਲਾ ਕੀਤਾ ਹੈ ਕਿ ਸੀਮਤ ਗਿਣਤੀ ਵਿੱਚ ਜੁਰਮਾਂ ਨੂੰ ਸਿਰਫ DPP ਦੀ ਸਹਿਮਤੀ ਨਾਲ ਹੀ ਅਦਾਲਤ ਵਿੱਚ ਲੈ ਜਾਣਾ ਚਾਹੀਦਾ ਹੈ। ਇਨ੍ਹਾਂ ਨੂੰ ਸਹਿਮਤੀ ਵਾਲੇ ਕੇਸ ਕਿਹਾ ਜਾਂਦਾ ਹੈ। ਅਜਿਹੇ ਕੇਸਾਂ ਵਿੱਚ DPP, ਜਾਂ ਉਨ੍ਹਾਂ ਦੀ ਤਰਫੋਂ ਕਾਰਵਾਈ ਕਰਨ ਵਾਲਾ ਪ੍ਰੋਸੀਕਿਊਟਰ ਇਹ ਫੈਸਲਾ ਕਰਨ ਸਮੇਂ ਨੇਮਾਵਲੀ ਨੂੰ ਲਾਗੂ ਕਰਦਾ ਹੈ ਕਿ ਕੀ ਮੁਕੱਦਮਾ ਚਲਾਏ ਜਾਣ ਲਈ ਸਹਿਮਤੀ ਦੇਣੀ ਹੈ।

3.8. ਕੁਝ ਅਜਿਹੇ ਜੁਰਮ ਵੀ ਹੁੰਦੇ ਹਨ ਜਿਨ੍ਹਾਂ ਨੂੰ ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਅਦਾਲਤ ਵਿੱਚ ਲੈ ਜਾਣਾ ਚਾਹੀਦਾ ਹੈ। ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ 'ਤੇ ਅਜਿਹੇ ਕਿਸੇ ਕੇਸਾਂ ਨੂੰ ਅਟਾਰਨੀ ਜਨਰਲ ਕੋਲ ਭੇਜਣ ਸਮੇਂ ਮੌਜੂਦਾ ਸੇਧ ਦੀ ਪਾਲਣਾ ਕਰਨੀ ਚਾਹੀਦੀ ਹੈ। ਕੁਝ ਜੁਰਮਾਂ ਬਾਰੇ ਮੁਕੱਦਮਾ ਚਲਾਏ ਜਾਣ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਸੈਕਟਰੀ ਆਫ਼ ਸਟੇਟ ਦੀ ਸਹਿਮਤੀ ਜ਼ਰੂਰੀ ਹੁੰਦੀ ਹੈ। ਪ੍ਰੋਸੀਕਿਊਟਰਾਂ ਨੂੰ ਅਜਿਹੇ ਕੇਸਾਂ ਵਿੱਚ ਲਾਜ਼ਮੀ ਤੌਰ 'ਤੇ ਦੋਸ਼ ਲਗਾਉਣ ਅਤੇ ਕਿਸੇ ਵੀ ਢੁਕਵੀਂ ਸੇਧ ਨੂੰ ਅਮਲ ਵਿੱਚ ਲਿਆਉਣ ਤੋਂ ਪਹਿਲਾਂ ਸਹਿਮਤੀ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਅਟਾਰਨੀ ਜਨਰਲ ਨੂੰ CPS ਦੀ ਆਪਣੀ ਨਿਗਰਾਨੀ ਅਤੇ ਆਪਣੀਆਂ ਕਾਰਵਾਈਆਂ ਲਈ ਪਾਰਲੀਮੈਂਟ ਪ੍ਰਤੀ ਜਵਾਬਦੇਹੀ ਦੇ ਹਿੱਸੇ ਵੱਜੋਂ ਕੁਝ ਖਾਸ ਕੇਸਾਂ ਬਾਰੇ ਸੂਚਿਤ ਰੱਖਿਆ ਜਾਵੇਗਾ।

# ਨੇਮਾਵਲੀ ਦੀ ਮੁਕੰਮਲ ਪਰਖ

4.1. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਉਸ ਸਮੇਂ ਹੀ ਮੁਕੱਦਮੇ ਦੀ ਕਾਰਵਾਈ ਸ਼ੁਰੂ ਜਾਂ ਜਾਰੀ ਰੱਖਣੀ ਚਾਹੀਦੀ ਹੈ ਜਦੋਂ ਇੱਕ ਕੇਸ ਨੇ ਨੇਮਾਵਾਲੀ ਦੀ ਮੁਕੰਮਲ ਪਰਖ ਦੇ ਦੋਵੇਂ ਪੜਾਆਂ ਨੂੰ ਪਾਸ ਕਰ ਲਿਆ ਹੁੰਦਾ ਹੈ। ਇਸ ਦਾ ਅੱਪਵਾਦ ਉਸ ਸਮੇਂ ਹੁੰਦਾ ਹੈ ਜਦੋਂ ਪ੍ਰਵੇਸ਼-ਅਧਾਰ ਵਾਲੀ ਪਰਖ ਨੂੰ ਲਾਗੂ ਕੀਤਾ ਜਾ ਸਕਦਾ ਹੈ (ਦੇਖੋ ਭਾਗ 5)।

4.2. ਨੇਮਾਵਾਲੀ ਦੀ ਮੁਕੰਮਲ ਪਰਖ ਦੇ ਦੋ ਪੜਾਅ ਹਨ: (i) ਸਬੂਤ ਵਾਲਾ ਪੜਾਅ; ਇਸ ਤੋਂ ਬਾਅਦ (ii) ਜਨਤਕ ਹਿੱਤ ਵਾਲਾ ਪੜਾਅ।

4.3. ਨੇਮਾਵਾਲੀ ਦੀ ਮੁਕੰਮਲ ਪਰਖ ਲਾਗੂ ਕਰਨੀ ਚਾਹੀਦੀ ਹੈ:

a) ਜਦੋਂ ਪ੍ਰਸ਼ਨਾਂ ਦੀ ਸਾਰੀ ਬਕਾਇਆ ਰਹਿੰਦੀ ਮੁਨਾਸਬ ਤਰਤੀਬ ਦਾ ਅਨੁਸਰਣ ਕਰ ਲਿਆ ਹੁੰਦਾ ਹੈ; ਜਾਂ

b) ਜਾਂਚ ਮੁਕੰਮਲ ਕਰਨ ਤੋਂ ਪਹਿਲਾਂ ਅਜਿਹਾ ਕਰਨਾ ਚਾਹੀਦਾ ਹੈ, ਜੇ ਪ੍ਰੋਸੀਕਿਊਟਰ ਇਸ ਗੱਲ ਤੋਂ ਸੰਤੁਸ਼ਟ ਹੁੰਦਾ ਹੈ ਕਿ ਕੋਈ ਵੀ ਅਗਲੇਰੇ ਸਬੂਤ ਜਾਂ ਸਾਮੱਗਰੀ ਦੇ ਨੇਮਾਵਾਲੀ ਦੀ ਮੁਕੰਮਲ ਪਰਖ ਦੇ ਅਮਲ ਉੱਤੇ ਪ੍ਰਭਾਵ ਪਾਉਣ ਦੀ ਸੰਭਾਵਨਾ ਨਹੀਂ ਹੁੰਦੀ, ਭਾਵੇਂ ਇਹ ਮੁਕੱਦਮਾ ਚਲਾਉਣ ਦੇ ਪੱਖ ਵਿੱਚ ਹੋਵੇ ਜਾਂ ਵਿਰੋਧ ਵਿੱਚ।

4.4. ਜ਼ਿਆਦਾਤਰ ਮਾਮਲਿਆਂ ਵਿੱਚ ਪ੍ਰੋਸੀਕਿਊਟਰ ਨੂੰ ਇਹ ਵਿਚਾਰ ਕਰਨ ਤੋਂ ਬਾਅਦ, ਕਿ ਕੀ ਮੁਕੱਦਮਾ ਚਲਾਉਣ ਲਈ ਲੋੜੀਂਦਾ ਸਬੂਤ ਹੈ, ਹੀ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਮੁਕੱਦਮਾ ਚਲਾਉਣਾ ਜਨਤਕ ਹਿੱਤ ਵਿੱਚ ਹੈ। ਪਰ, ਅਜਿਹੇ ਮਾਮਲੇ ਹੋਣਗੇ ਜਿੱਥੇ ਸਬੂਤ ਦੀ ਸਮੀਖਿਆ ਕਰਨ ਤੋਂ ਪਹਿਲਾਂ ਇਹ ਸਪਸ਼ਟ ਹੁੰਦਾ ਹੈ ਕਿ ਜਨਤਕ ਹਿੱਤ ਲਈ ਮੁਕੱਦਮਾ ਚਲਾਉਣ ਦੀ ਜ਼ਰੂਰਤ ਨਹੀਂ ਹੈ। ਅਜਿਹੀਆਂ ਸਥਿਤੀਆਂ ਵਿੱਚ, ਪ੍ਰੋਸੀਕਿਊਟਰ ਇਹ ਫੈਸਲਾ ਕਰ ਸਕਦੇ ਹਨ ਕਿ ਕੇਸ ਨੂੰ ਅੱਗੇ ਨਹੀਂ ਵਧਾਉਣਾ ਚਾਹੀਦਾ।

4.5. ਪ੍ਰੋਸੀਕਿਊਟਰਾਂ ਨੂੰ ਅਜਿਹਾ ਫੈਸਲਾ ਸਿਰਫ ਤਾਂ ਹੀ ਕਰਨਾ ਚਾਹੀਦਾ ਹੈ ਜਦੋਂ ਉਹ ਇਸ ਗੱਲ ਤੋਂ ਸੰਤੁਸ਼ਟ ਹੁੰਦੇ ਹਨ ਕਿ ਅਪਰਾਧਕਤਾ ਦੀ ਵਿਆਪਕ ਹੱਦ ਨੂੰ ਤੈਅ ਕਰ ਲਿਆ ਗਿਆ ਹੈ ਅਤੇ ਇਹ ਕਿ ਉਹ ਜਨਤਕ ਹਿੱਤ ਬਾਰੇ ਪੂਰੀ ਤਰ੍ਹਾਂ ਸੂਚਿਤ ਮੁਲਾਂਕਣ ਕਰ ਸਕਦੇ ਹਨ। ਜੇ ਪ੍ਰੋਸੀਕਿਊਟਰਾਂ ਕੋਲ ਅਜਿਹਾ ਫੈਸਲਾ ਕਰਨ ਲਈ ਲੋੜੀਂਦੀ ਜਾਣਕਾਰੀ ਨਹੀਂ ਹੈ, ਤਾਂ ਜਾਂਚ ਜਾਰੀ ਰਹਿਣੀ ਚਾਹੀਦੀ ਹੈ ਅਤੇ ਇਸ ਭਾਗ ਵਿੱਚ ਦੱਸੇ ਅਨੁਸਾਰ ਨੇਮਾਵਲੀ ਦੀ ਮੁਕੰਮਲ ਪਰਖ ਮੁਤਾਬਕ ਬਾਅਦ ਵਿੱਚ ਫੈਸਲਾ ਕਰਨਾ ਚਾਹੀਦਾ ਹੈ।

## ਸਬੂਤ ਵਾਲਾ ਪੜਾਅ

4.6. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਇਸ ਬਾਰੇ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਹਰੇਕ ਦੋਸ਼ ਬਾਰੇ ਹਰੇਕ ਸ਼ੱਕੀ ਵਿਅਕਤੀ ਵਿਰੁੱਧ ਦੋਸ਼ ਸਾਬਤ ਕਰਨ ਦੀ ਵਾਸਤਵਿਕ ਸੰਭਾਵਨਾ ਮੁਹੱਈਆ ਕਰਨ ਲਈ ਲੋੜੀਂਦਾ ਸਬੂਤ ਹੁੰਦਾ ਹੈ*। ਉਨ੍ਹਾਂ ਨੂੰ ਲਾਜ਼ਮੀ ਤੌਰ ’ਤੇ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਬਚਾਅ ਪੱਖ ਦਾ ਕੇਸ ਕੀ ਹੋ ਸਕਦਾ ਹੈ, ਅਤੇ ਇਸ ਦੇ ਦੋਸ਼ ਸਾਬਤ ਕਰਨ ਦੀ ਸੰਭਾਵਨਾ ਨੂੰ ਕਿਵੇਂ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੈ। ਜਿਹੜਾ ਕੇਸ ਸਬੂਤ ਵਾਲੇ ਪੜਾਅ ਨੂੰ ਪਾਸ ਨਹੀਂ ਕਰਦਾ ਉਸ ਨੂੰ ਲਾਜ਼ਮੀ ਤੌਰ ’ਤੇ ਅੱਗੇ ਨਹੀਂ ਵਧਾਉਣਾ ਚਾਹੀਦਾ, ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਇਹ ਕਿੰਨਾ ਗੰਭੀਰ ਜਾਂ ਸੰਵੇਦਨਸ਼ੀਲ ਹੋ ਸਕਦਾ ਹੈ।

4.7. ਦੋਸ਼ ਸਾਬਤ ਹੋਣ ਦੀ ਵਾਸਤਵਿਕ ਸੰਭਾਵਨਾ ਬਾਰੇ ਜਾਂਚ-ਨਤੀਜਾ ਪ੍ਰੋਸੀਕਿਊਟਰ ਦੇ ਸਬੂਤ ਬਾਰੇ ਨਿਰਪੱਖ ਮੁਲਾਂਕਣ ’ਤੇ ਅਧਾਰਤ ਹੁੰਦਾ ਹੈ, ਜਿਸ ਵਿੱਚ ਕਿਸੇ ਵੀ ਬਚਾਅ ਪੱਖ ਅਤੇ ਕਿਸੇ ਵੀ ਹੋਰ ਜਾਣਕਾਰੀ ਦਾ ਪ੍ਰਭਾਵ ਵੀ ਸ਼ਾਮਲ ਹੈ ਜਿਸ ਨੂੰ ਪੇਸ਼ ਕੀਤਾ ਗਿਆ ਹੈ ਜਾਂ ਜਿਸ ਉੱਤੇ ਉਹ ਭਰੋਸਾ ਕਰ ਸਕਦੇ ਹਨ। ਇਸ ਦਾ ਅਰਥ ਹੈ ਨਿਆਂਉਚਿਤ, ਨਿਰਪੱਖ ਅਤੇ ਮੁਨਾਸਬ ਜਿਊਰੀ ਜਾਂ ਮਜਿਸਟ੍ਰੇਟਾਂ ਦਾ ਬੈਂਚ ਜਾਂ ਕੇਸ ਦੀ ਸੁਣਵਾਈ ਕਰਨ ਵਾਲੇ ਇਕੱਲੇ ਜੱਜ, ਜੋ ਕਾਨੂੰਨ ਦੇ ਸਹੀ ਨਿਰਦੇਸ਼ ਅਤੇ ਇਸ ਮੁਤਾਬਕ ਕਾਰਵਾਈ ਕਰਦੇ ਹਨ, ਵੱਲੋਂ ਕਥਿਤ ਦੋਸ਼ ਲਗਾਏ ਪ੍ਰਤਿਵਾਦੀ ਦਾ ਦੋਸ਼ ਨਾ ਸਾਬਤ ਕਰਨ ਦੇ ਮੁਕਾਬਲੇ ਉਸ ਦਾ ਦੋਸ਼ ਸਾਬਤ ਕਰਨ ਦੀ ਵੱਧ ਸੰਭਾਵਨਾ ਹੁੰਦੀ ਹੈ। ਇਹ ਉਸ ਪਰਖ ਤੋਂ ਵੱਖਰੀ ਹੈ ਜੋ ਫੌਜਦਾਰੀ

ਅਦਾਲਤਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਆਪ ਅਮਲ ਵਿੱਚ ਲਿਆਉਣੀ ਚਾਹੀਦੀ ਹੈ। ਅਦਾਲਤ ਸਿਰਫ ਤਾਂ ਹੀ ਦੋਸ਼ ਸਾਬਤ ਕਰ ਸਕਦੀ ਹੈ ਜੇ ਇਸ ਨੂੰ ਪੱਕਾ ਯਕੀਨ ਹੁੰਦਾ ਹੈ ਕਿ ਪ੍ਰਤਿਵਾਦੀ ਦੋਸ਼ੀ ਹੈ।

4.8. ਇਹ ਫੈਸਲਾ ਕਰਨ ਸਮੇਂ ਕਿ ਮੁਕੱਦਮਾ ਚਲਾਉਣ ਲਈ ਲੋੜੀਂਦਾ ਸਬੂਤ ਹੈ, ਪ੍ਰੋਸੀਕਿਊਟਰਾਂ ਨੂੰ ਆਪਣੇ ਆਪ ਤੋਂ ਅੱਗੇ ਦਿੱਤੀਆਂ ਗੱਲਾਂ ਪੁੱਛਣੀਆਂ ਚਾਹੀਦੀਆਂ ਹਨ:

### ਕੀ ਸਬੂਤ ਅਦਾਲਤ ਵਿੱਚ ਵਰਤਿਆ ਜਾ ਸਕਦਾ ਹੈ?

ਪ੍ਰੋਸੀਕਿਊਟਰਾਂ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਕਿਸੇ ਖਾਸ ਸਬੂਤ ਦੀ ਸਵੀਕਾਰਨਯੋਗਤਾ ਉੱਤੇ ਕੋਈ ਪ੍ਰਸ਼ਨ ਹੈ। ਅਜਿਹਾ ਕਰਦੇ ਸਮੇਂ ਪ੍ਰੋਸੀਕਿਊਟਰਾਂ ਨੂੰ ਇਸ ਬਾਰੇ ਮੁਲਾਂਕਣ ਕਰਨਾ ਚਾਹੀਦਾ ਹੈ:

- ਅਦਾਲਤ ਵੱਲੋਂ ਸਬੂਤ ਨੂੰ ਨਾ ਸਵੀਕਾਰਨ ਯੋਗ ਮੰਨੇ ਜਾਣ ਦੀ ਸੰਭਾਵਨਾ ਬਾਰੇ; ਅਤੇ
- ਸਮੁੱਚੇ ਸਬੂਤ ਦੇ ਸਬੰਧ ਵਿੱਚ ਸਬੂਤ ਦੀ ਅਹਿਮੀਅਤ ਬਾਰੇ।

### ਕੀ ਸਬੂਤ ਭਰੋਸੇਯੋਗ ਹੈ?

ਪ੍ਰੋਸੀਕਿਊਟਰਾਂ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸਬੂਤ ਦੀ ਭਰੋਸੇਯੋਗਤਾ ਬਾਰੇ ਪ੍ਰਸ਼ਨ ਉਠਾਉਣ ਲਈ ਕੋਈ ਕਾਰਨ ਹਨ, ਜਿਸ ਵਿੱਚ ਦਰੁਸਤਤਾ ਜਾਂ ਪੂਰਨਤਾ ਵੀ ਸ਼ਾਮਲ ਹੈ।

### ਕੀ ਸਬੂਤ ਵਿਸ਼ਵਾਸਯੋਗ ਹੈ?

ਪ੍ਰੋਸੀਕਿਊਟਰਾਂ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸਬੂਤ ਦੀ ਭਰੋਸੇਯੋਗਤਾ ਉੱਤੇ ਸ਼ੱਕ ਕਰਨ ਲਈ ਕੋਈ ਕਾਰਨ ਹਨ।

### ਕੀ ਕੋਈ ਹੋਰ ਸਾਮੱਗਰੀ ਹੈ ਜੋ ਸਬੂਤ ਦੇ ਢੁਕਵੇਂਪਣ ਬਾਰੇ ਅਸਰ ਪਾ ਸਕਦੀ ਹੈ?

ਪ੍ਰੋਸੀਕਿਊਟਰਾਂ ਨੂੰ ਇਸ ਪੜਾਅ 'ਤੇ ਅਤੇ ਸਮੁੱਚੇ ਕੇਸ ਦੌਰਾਨ ਲਾਜ਼ਮੀ ਤੌਰ 'ਤੇ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੋਈ ਅਜਿਹੀ ਸਾਮੱਗਰੀ ਹੈ ਜੋ ਸਬੂਤ ਦੇ ਢੁਕਵੇਂਪਣ ਦੇ ਮੁਲਾਂਕਣ ਉੱਤੇ ਅਸਰ ਪਾ ਸਕਦੀ ਹੈ, ਜਿਸ ਵਿੱਚ ਪੁਲਿਸ ਦੇ ਕਬਜ਼ੇ ਵਿੱਚ ਜਾਂਚ ਕੀਤੀ ਅਤੇ ਬਗੈਰ ਜਾਂਚ ਵਾਲੀ ਸਾਮੱਗਰੀ, ਅਤੇ ਪ੍ਰਸ਼ਨਾਂ ਦੀ ਅਗਲੇਰੀ ਮੁਨਾਸਬ ਤਰਤੀਬ ਜ਼ਰੀਏ ਪ੍ਰਾਪਤ ਕੀਤੀ ਜਾ ਸਕਣ ਵਾਲੀ ਸਾਮੱਗਰੀ ਵੀ ਸ਼ਾਮਲ ਹੈ।

## ਜਨਤਕ ਹਿੱਤ ਵਾਲਾ ਪੜਾਅ

4.9. ਹਰੇਕ ਕੇਸ ਵਿੱਚ ਜਿੱਥੇ ਮੁਕੱਦਮਾ ਚਲਾਉਣ ਨੂੰ ਵਾਜਬ ਠਹਿਰਾਉਣ ਜਾਂ ਅਦਾਲਤ ਤੋਂ ਬਾਹਰ ਵਾਲੇ ਨਿਪਟਾਰੇ ਦੀ ਪੇਸ਼ਕਸ਼ ਕਰਨ ਲਈ ਲੋੜੀਂਦਾ ਸਬੂਤ ਹੁੰਦਾ ਹੈ, ਉੱਥੇ ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ 'ਤੇ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਜਨਤਕ ਹਿੱਤ ਵਿੱਚ ਮੁਕੱਦਮਾ ਚਲਾਉਣ ਦੀ ਲੋੜ ਹੈ।

4.10. ਇਹ ਨਿਯਮ ਕਦੇ ਵੀ ਨਹੀਂ ਰਿਹਾ ਹੈ ਕਿ ਸਬੂਤ ਵਾਲਾ ਪੜਾਅ ਪੂਰਾ ਕਰਨ 'ਤੇ ਮੁਕੱਦਮਾ ਆਪਣੇ ਆਪ ਚਲਾਇਆ ਜਾਵੇਗਾ। ਆਮ ਤੌਰ 'ਤੇ ਉਦੋਂ ਤੱਕ ਮੁਕੱਦਮਾ ਚਲਾਇਆ ਜਾਵੇਗਾ ਜਦੋਂ ਤੱਕ ਪ੍ਰੋਸੀਕਿਊਟਰ ਇਸ ਗੱਲ ਤੋਂ ਸੰਤੁਸ਼ਟ ਨਹੀਂ ਹੁੰਦਾ ਕਿ ਮੁਕੱਦਮਾ ਚਲਾਏ ਜਾਣ ਵਿਰੁੱਧ ਜਨਤਕ ਹਿੱਤ ਦੇ ਕਾਰਕ ਹਨ ਜੋ ਇਸ ਦੇ ਪੱਖ ਵਿੱਚ ਜਾਂਦੇ (ਕਾਰਕਾਂ) ਦੇ ਮੁਕਾਬਲੇ ਜ਼ਿਆਦਾ ਮਹੱਤਵਪੂਰਨ ਸਾਬਤ ਹੁੰਦੇ ਹਨ। ਕੁਝ ਕੇਸਾਂ ਵਿੱਚ ਪ੍ਰੋਸੀਕਿਊਟਰ ਇਸ ਗੱਲ ਤੋਂ ਸੰਤੁਸ਼ਟ ਹੋ ਸਕਦਾ ਹੈ ਕਿ ਮੁਕੱਦਮਾ ਚਲਾਉਣ ਦੀ ਬਜਾਏ ਮੁਜਰਮ ਨੂੰ ਅਦਾਲਤ ਤੋਂ ਬਾਹਰ ਵਾਲੇ ਨਿਪਟਾਰੇ ਰਾਹੀਂ ਮਾਮਲਾ ਸੁਲਝਾਉਣ ਦੇ ਮੌਕੇ ਦੀ ਪੇਸ਼ਕਸ਼ ਕਰਕੇ ਜਨਤਕ ਹਿੱਤ ਢੁਕਵੇਂ ਢੰਗ ਨਾਲ ਪੂਰਾ ਕੀਤਾ ਜਾ ਸਕਦਾ ਹੈ।

4.11. ਜਨਤਕ ਹਿੱਤ ਦਾ ਫੈਸਲਾ ਕਰਨ ਸਮੇਂ, ਪ੍ਰੋਸੀਕਿਊਟਰਾਂ ਨੂੰ ਹੇਠਾਂ 4.14 a) ਤੋਂ ਲੈ ਕੇ g) ਤੱਕ ਦੇ ਪੈਰਿਆਂ ਵਿੱਚ ਦਿੱਤੇ ਪ੍ਰਸ਼ਨਾਂ ਵਿੱਚੋਂ ਹਰੇਕ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਮੁਕੱਦਮਾ ਚਲਾਏ ਜਾਣ ਦੇ ਪੱਖ ਵਿੱਚ ਅਤੇ ਇਸ ਦੇ ਵਿਰੁੱਧ ਜਾਣ ਵਾਲੇ ਜਨਤਕ ਹਿੱਤ ਦੇ ਢੁਕਵੇਂ ਕਾਰਕਾਂ ਦੀ ਪਹਿਚਾਣ ਅਤੇ ਨਿਰਧਾਰਣ ਕੀਤਾ ਜਾ ਸਕੇ। ਇਨ੍ਹਾਂ ਕਾਰਕਾਂ ਨੂੰ, DPP ਵੱਲੋਂ ਜਾਰੀ ਕਿਸੇ ਵੀ ਢੁਕਵੀਂ ਸੇਧ ਜਾਂ ਨੀਤੀ ਵਿੱਚ ਦਿੱਤੇ ਕਿਸੇ ਵੀ ਜਨਤਕ ਹਿੱਤ ਦੇ ਕਾਰਕਾਂ ਨਾਲ ਮਿਲਾਉਣ 'ਤੇ ਪ੍ਰੋਸੀਕਿਊਟਰਾਂ ਨੂੰ ਜਨਤਕ ਹਿੱਤ ਦੇ ਸਮੁੱਚੇ ਮੁਲਾਂਕਣ ਨੂੰ ਬਣਾਉਣ (ਪੂਰਾ ਕਰਨ) ਦੇ ਸਮਰੱਥ ਹੋਣਾ ਚਾਹੀਦਾ ਹੈ।

4.12. 4.14 a) ਤੋਂ ਲੈ ਕੇ g) ਤੱਕ ਦੇ ਪੈਰਿਆਂ ਵਿੱਚ ਹੇਠਾਂ ਹਰੇਕ ਪ੍ਰਸ਼ਨ ਲਈ ਵਿਆਖਿਆਤਮਕ ਖਰੜਾ ਹਰੇਕ ਖਾਸ ਪ੍ਰਸ਼ਨ ਨੂੰ ਨਜਿੱਠਣ ਸਮੇਂ ਅਤੇ ਇਹ ਨਿਰਧਾਰਣ ਕਰਨ ਸਮੇਂ ਪ੍ਰੋਸੀਕਿਊਟਰਾਂ ਨੂੰ ਸੇਧ ਮੁਹੱਈਆ ਕਰਦਾ ਹੈ ਕਿ ਕੀ ਇਹ

ਮੁਕੱਦਮਾ ਚਲਾਉਣ ਦੇ ਹੱਕ ਵਿੱਚ ਜਾਂ ਵਿਰੋਧ ਵਿੱਚ ਜਨਤਕ ਹਿੱਤ ਦੇ ਕਾਰਕਾਂ ਦੀ ਪਹਿਚਾਣ ਕਰਦਾ ਹੈ। ਪਹਿਚਾਣ ਕੀਤੇ ਇਹ ਪ੍ਰਸ਼ਨ ਸੰਪੂਰਨ ਨਹੀਂ ਹੈ ਅਤੇ ਸਾਰੇ ਪ੍ਰਸ਼ਨ ਹਰੇਕ ਕੇਸ ਲਈ ਢੁਕਵੇਂ ਨਹੀਂ ਹੋ ਸਕਦੇ। ਹਰੇਕ ਪ੍ਰਸ਼ਨ, ਅਤੇ ਪਹਿਚਾਣ ਕੀਤੇ ਕਾਰਕਾਂ ਨਾਲ ਜੋੜੀ ਜਾਣ ਵਾਲੀ ਅਹਿਮੀਅਤ ਵੀ ਹਰੇਕ ਕੇਸ ਦੇ ਤੱਥਾਂ ਅਤੇ ਯੋਗਤਾਵਾਂ ਮੁਤਾਬਕ ਵੱਖੋ-ਵੱਖਰੀ ਹੋਵੇਗੀ।

4.13. ਇਸ ਗੱਲ ਦੀ ਕਾਫ਼ੀ ਸੰਭਾਵਨਾ ਹੁੰਦੀ ਹੈ ਕਿ ਜਨਤਕ ਹਿੱਤ ਦੇ ਪੱਖ ਵਿੱਚ ਇੱਕ ਹੀ ਕਾਰਕ ਵਿਰੋਧੀ ਦਿਸ਼ਾ ਵੱਲ ਜਾਣ ਵਾਲੇ ਹੋਰਨਾਂ ਕਈ ਕਾਰਕਾਂ ਤੋਂ ਵੱਧ ਮਹੱਤਵਪੂਰਨ ਹੋ ਸਕਦਾ ਹੈ। ਹਾਲਾਂਕਿ ਇੱਕ ਖਾਸ ਕੇਸ ਵਿੱਚ ਮੁਕੱਦਮਾ ਚਲਾਏ ਜਾਣ ਵਿਰੁੱਧ ਜਨਤਕ ਹਿੱਤ ਵਾਲੇ ਕਾਰਕ ਹੋ ਸਕਦੇ ਹਨ, ਪਰ ਪ੍ਰੋਸੀਕਿਊਟਰਾਂ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਇਸ ਦੇ ਬਾਵਜੂਦ ਵੀ ਮੁਕੱਦਮਾ ਚਲਾਉਣ ਲਈ ਅੱਗੇ ਵਧਣਾ ਚਾਹੀਦਾ ਹੈ ਅਤੇ ਸਜ਼ਾ ਸੁਣਾਏ ਜਾਣ ਸਮੇਂ ਉਨ੍ਹਾਂ ਕਾਰਕਾਂ ਨੂੰ ਵਿਚਾਰਨ ਲਈ ਅਦਾਲਤ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ।

4.14. ਪ੍ਰੋਸੀਕਿਊਟਰਾਂ ਨੂੰ ਅੱਗੇ ਦਿੱਤੇ ਪ੍ਰਸ਼ਨਾਂ ਵਿੱਚੋਂ ਹਰੇਕ ਬਾਰੇ ਵਿਚਾਰ ਕਰਨਾ ਚਾਹੀਦਾ ਹੈ

### a) ਕੀਤਾ ਗਿਆ ਜੁਰਮ ਕਿੰਨਾ ਗੰਭੀਰ ਹੈ?

- ਜੁਰਮ ਜਿੰਨਾ ਜ਼ਿਆਦਾ ਗੰਭੀਰ ਹੁੰਦਾ ਹੈ, ਮੁਕੱਦਮਾ ਚਲਾਉਣ ਦੀ ਲੋੜ ਦੀ ਓਨੀ ਵੱਧ ਸੰਭਾਵਨਾ ਹੁੰਦੀ ਹੈ।
- ਜੁਰਮ ਦੀ ਗੰਭੀਰਤਾ ਦਾ ਮੁਲਾਂਕਣ ਕਰਨ ਸਮੇਂ, ਪ੍ਰੋਸੀਕਿਊਟਰਾਂ ਨੂੰ ਆਪਣੇ ਆਪ ਤੋਂ b) ਅਤੇ c) ਪ੍ਰਸ਼ਨ ਪੁੱਛ ਕੇ ਸ਼ੱਕੀ ਵਿਅਕਤੀ ਦੀ ਦੋਸ਼ਪੂਰਨਤਾ ਅਤੇ ਕੀਤੇ ਗਏ ਨੁਕਸਾਨ ਬਾਰੇ ਆਪਣੇ ਵਿਚਾਰ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

### b) ਸ਼ੱਕੀ ਵਿਅਕਤੀ ਦੀ ਦੋਸ਼ਪੂਰਨਤਾ ਦਾ ਪੱਧਰ ਕੀ ਹੈ?

- ਸ਼ੱਕੀ ਵਿਅਕਤੀ ਦੀ ਦੋਸ਼ਪੂਰਨਤਾ ਦਾ ਪੱਧਰ ਜਿੰਨਾ ਜ਼ਿਆਦਾ ਹੁੰਦਾ ਹੈ, ਮੁਕੱਦਮਾ ਚਲਾਉਣ ਦੀ ਲੋੜ ਦੀ ਓਨੀ ਵੱਧ ਸੰਭਾਵਨਾ ਹੁੰਦੀ ਹੈ।
- ਦੋਸ਼ਪੂਰਨਤਾ ਦੀ ਸੰਭਾਵੀ ਤੌਰ ’ਤੇ ਨਿਰਧਾਰਣ ਅੱਗੇ ਦਿੱਤੀਆਂ ਗੱਲਾਂ ਦੁਆਰਾ ਕੀਤਾ ਜਾਂਦਾ ਹੈ:
  i. ਸ਼ੱਕੀ ਵਿਅਕਤੀ ਦੀ ਸ਼ਮੂਲੀਅਤ ਦਾ ਪੱਧਰ;
  ii. ਉਹ ਹੱਦ ਜਿੱਥੋਂ ਤੱਕ ਜੁਰਮ ਨੂੰ ਪਹਿਲਾਂ ਤੋਂ ਸੋਚਿਆ-ਵਿਚਾਰਿਆ ਅਤੇ/ਜਾਂ ਵਿਓਂਤਿਆ ਗਿਆ ਸੀ;
  iii. ਉਹ ਹੱਦ ਜਿੱਥੋਂ ਤੱਕ ਸ਼ੱਕੀ ਨੂੰ ਮੁਜਰਮਾਨਾ ਕਾਰਵਾਈ ਕਰਨ ਤੋਂ ਫਾਇਦਾ ਮਿਲਿਆ ਹੈ;
  iv. ਕੀ ਸ਼ੱਕੀ ਵਿਅਕਤੀ ਦੇ ਇਸ ਤੋਂ ਪਹਿਲਾਂ ਫੌਜਦਾਰੀ ਜੁਰਮ ਸਾਬਤ ਹੋਏ ਹਨ ਅਤੇ/ਜਾਂ ਅਦਾਲਤ ਤੋਂ ਬਾਹਰ ਨਿਪਟਾਰੇ ਹੋਏ ਹਨ ਅਤੇ ਜ਼ਮਾਨਤ ’ਤੇ ਹੋਣ ਸਮੇਂ ਜਾਂ ਅਦਾਲਤ ਹੁਕਮ ਤਹਿਤ ਹੋਣ ਸਮੇਂ ਕੋਈ ਅਪਰਾਧ ਕੀਤੇ ਹਨ;
  v. ਕੀ ਜੁਰਮ ਨੂੰ ਜਾਰੀ ਰੱਖਣ, ਦੁਹਰਾਏ ਜਾਣ ਜਾਂ ਇਸ ਵਿੱਚ ਵਾਧਾ ਕੀਤੇ ਜਾਣ ਦੀ ਸੰਭਾਵਨਾ ਸੀ ਜਾਂ ਹੈ;
  vi. ਸ਼ੱਕੀ ਵਿਅਕਤੀ ਦੀ ਉਮਰ ਅਤੇ ਪਰਿਪੱਕਤਾ (ਹੇਠਾਂ ਪੈਰਾਗਰਾਫ d ਦੇਖੋ)।
- ਸ਼ੱਕੀ ਵਿਅਕਤੀ ਦੀ ਦੋਸ਼ਪੂਰਨਤਾ ਦਾ ਉਸ ਸਮੇਂ ਪੱਧਰ ਕਾਫ਼ੀ ਘੱਟ ਹੋਣ ਦੀ ਸੰਭਾਵਨਾ ਹੈ ਜੇ ਸ਼ੱਕੀ ਵਿਅਕਤੀ ਨੂੰ ਮਜਬੂਰ, ਬੇਬਸ ਜਾਂ ਸ਼ੋਸ਼ਿਤ ਕੀਤਾ ਗਿਆ ਹੈ, ਖਾਸ ਤੌਰ ’ਤੇ ਜੇ ਉਹ ਉਸ ਜੁਰਮ ਦਾ ਪੀੜ੍ਹਤ ਹੈ ਜੋ ਉਨ੍ਹਾਂ ਦੇ ਅਪਰਾਧ ਨਾਲ ਸਬੰਧਤ ਹੈ।
- ਪ੍ਰੋਸੀਕਿਊਟਰਾਂ ਨੂੰ ਇਸ ਗੱਲ ਦਾ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਜੁਰਮ ਸਮੇਂ ਕੀ ਸ਼ੱਕੀ ਵਿਅਕਤੀ ਕਿਸੇ ਵੱਡੀ ਖਰਾਬ ਮਾਨਸਿਕ ਜਾਂ ਸਰੀਰਕ ਸਿਹਤ ਜਾਂ ਅਸਮਰੱਥਾ ਤੋਂ ਪ੍ਰਭਾਵਿਤ ਹੈ ਜਾਂ ਸੀ, ਕਿਉਂਕਿ ਕੁਝ ਹਾਲਾਤ ਵਿੱਚ ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਇਸ ਗੱਲ ਦੀ ਘੱਟ ਸੰਭਾਵਨਾ ਹੁੰਦੀ ਹੈ ਕਿ ਮੁਕੱਦਮਾ ਚਲਾਉਣ ਦੀ ਲੋੜ ਹੈ। ਪਰ, ਪ੍ਰੋਸੀਕਿਊਟਰਾਂ ਨੂੰ ਇਹ ਵਿਚਾਰ ਕਰਨ ਦੀ ਵੀ ਲੋੜ ਹੈ ਕਿ ਜੁਰਮ ਕਿੰਨਾ ਗੰਭੀਰ ਸੀ, ਕੀ ਸ਼ੱਕੀ ਵਿਅਕਤੀ ਵੱਲੋਂ ਮੁੜ ਅਪਰਾਧ ਕਰਨ ਦੀ ਸੰਭਾਵਨਾ ਹੈ ਅਤੇ ਆਮ ਲੋਕਾਂ ਨੂੰ ਅਤੇ ਕੀ ਅਜਿਹੇ ਵਿਅਕਤੀਆਂ ਦੀ ਦੇਖਭਾਲ ਕਰਨ ਵਾਲੇ ਲੋਕਾਂ ਨੂੰ ਸੁਰੱਖਿਆ ਦੀ ਲੋੜ ਹੈ।

### c) ਪੀੜ੍ਹਤ ਦੇ ਕੀਤੇ ਨੁਕਸਾਨ ਲਈ ਕੀ ਹਾਲਾਤ ਹਨ?

- ਪੀੜ੍ਹਤ ਦੇ ਹਾਲਾਤ ਕਾਫੀ ਜ਼ਿਆਦਾ ਢੁਕਵੇਂ ਹਨ। ਪੀੜ੍ਹਤ ਦੀ ਸਥਿਤੀ ਜਿੰਨੀ ਜ਼ਿਆਦਾ ਕਮਜ਼ੋਰ ਹੁੰਦੀ ਹੈ, ਜਾਂ ਪੀੜ੍ਹਤ ਦੀ ਸਮਝੀ ਜਾਂਦੀ ਕਮਜ਼ੋਰੀ ਜਿੰਨੀ ਜ਼ਿਆਦਾ ਹੁੰਦੀ ਹੈ, ਮੁਕੱਦਮਾ ਚਲਾਉਣ ਦੀ ਲੋੜ ਦੀ ਓਨੀ ਵੱਧ ਸੰਭਾਵਨਾ ਹੁੰਦੀ ਹੈ।
- ਇਸ ਵਿੱਚ ਇਹ ਗੱਲ ਵੀ ਸ਼ਾਮਲ ਹੈ ਜਿੱਥੇ ਸ਼ੱਕੀ ਵਿਅਕਤੀ ਅਤੇ ਪੀੜ੍ਹਤ ਦਰਮਿਆਨ ਭਰੋਸੇ ਜਾਂ ਅਧਿਕਾਰ ਦੀ ਸਥਿਤੀ ਮੌਜੂਦ ਹੁੰਦੀ ਹੈ।
- ਮੁਕੱਦਮੇ ਦੀ ਸੰਭਾਵਨਾ ਉਸ ਸਮੇਂ ਵੀ ਹੋਰ ਜ਼ਿਆਦਾ ਹੁੰਦੀ ਹੈ ਜੇ ਜੁਰਮ ਇੱਕ ਅਜਿਹੇ ਵਿਅਕਤੀ ਵਿਰੁੱਧ ਕੀਤਾ ਗਿਆ ਹੈ ਜੋ ਉਸ ਸਮੇਂ ਜਨਤਾ ਦੀ ਸੇਵਾ ਨਿਭਾ ਰਿਹਾ ਸੀ।
- ਮੁਕੱਦਮਾ ਚਲਾਏ ਜਾਣ ਦੀ ਜ਼ਰੂਰਤ ਦੀ ਉਸ ਸਮੇਂ ਜ਼ਿਆਦਾ ਸੰਭਾਵਨਾ ਹੁੰਦੀ ਹੈ ਜੇ ਜੁਰਮ ਪੀੜ੍ਹਤ ਦੇ ਅਸਲ ਜਾਂ ਸਮਝੇ ਜਾਂਦੇ ਨਸਲੀ ਜਾਂ ਰਾਸ਼ਟਰੀ ਮੂਲ, ਲਿੰਗ, ਅਸਮਰੱਥਾ, ਉਮਰ, ਧਰਮ ਜਾਂ ਆਸਥਾ, ਜਿਨਸੀ ਝੁਕਾਅ ਜਾਂ ਲਿੰਗਕ ਪਹਿਚਾਣ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਪੂਰਵ-ਧਾਰਣਾ ਦੁਆਰਾ ਪ੍ਰੇਰਿਤ ਸੀ; ਜਾਂ ਜੇਕਰ ਸ਼ੱਕੀ ਵਿਅਕਤੀ ਨੇ ਉਨ੍ਹਾਂ ਵਿਸ਼ੇਸ਼ਤਾਵਾਂ ਵਿੱਚੋਂ ਕਿਸੇ ਦੇ ਆਧਾਰ 'ਤੇ ਪੀੜ੍ਹਤ ਨੂੰ ਨਿਸ਼ਾਨਾ ਬਣਾਇਆ ਸੀ ਜਾਂ ਉਸ ਦਾ ਸ਼ੋਸ਼ਣ ਕੀਤਾ ਸੀ ਜਾਂ ਪੀੜ੍ਹਤ ਪ੍ਰਤੀ ਵੈਰ-ਵਿਰੋਧਤਾ ਦਾ ਪ੍ਰਦਰਸ਼ਨ ਕੀਤਾ ਸੀ।

- ਪ੍ਰੋਸੀਕਿਊਟਰਾਂ ਨੂੰ ਇਹ ਵਿਚਾਰ ਕਰਨ ਦੀ ਵੀ ਲੋੜ ਹੈ ਕਿ ਜੇ ਮੁਕੱਦਮਾ ਚਲਾਉਣ ਦਾ ਉਲਟ ਅਸਰ ਪੀੜ੍ਹਤ ਦੀ ਸਰੀਰਕ ਅਤੇ ਮਾਨਸਿਕ ਸਿਹਤ ਉੱਤੇ ਪੈਣ ਦੀ ਸੰਭਾਵਨਾ ਹੈ, ਤਾਂ ਹਮੇਸ਼ਾ ਜੁਰਮ ਦੀ ਗੰਭੀਰਤਾ, ਵਿਸ਼ੇਸ਼ ਉਪਾਅਾਂ ਦੀ ਉਪਲਬਧਤਾ ਅਤੇ ਪੀੜ੍ਹਤ ਦੀ ਸ਼ਮੂਲੀਅਤ ਤੋਂ ਬਗੈਰ ਮੁਕੱਦਮਾ ਚਲਾਉਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਿਆ ਜਾਵੇ।
- ਪ੍ਰੋਸੀਕਿਊਟਰਾਂ ਨੂੰ ਪੀੜ੍ਹਤ ਵੱਲੋਂ ਜੁਰਮ ਦੇ ਪਏ ਪ੍ਰਭਾਵ ਬਾਰੇ ਪ੍ਰਗਟ ਕੀਤੇ ਵਿਚਾਰਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਢੁਕਵੇਂ ਕੇਸਾਂ ਵਿੱਚ, ਇਸ ਵਿੱਚ ਪੀੜ੍ਹਤ ਦੇ ਪਰਿਵਾਰ ਦੇ ਵਿਚਾਰ ਵੀ ਸ਼ਾਮਲ ਹੋ ਸਕਦੇ ਹਨ।
- ਪਰ, CPS ਪੀੜ੍ਹਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਉਸੇ ਤਰ੍ਹਾਂ ਨਾਲ ਕੰਮ ਨਹੀਂ ਕਰਦੀ ਜਿਸ ਤਰ੍ਹਾਂ ਨਾਲ ਸੋਲਿਸਟਰ ਆਪਣੇ ਗਾਹਕਾਂ ਲਈ ਕੰਮ ਕਰਦੇ ਹਨ, ਅਤੇ ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ 'ਤੇ ਜਨਤਕ ਹਿੱਤ ਲਈ ਵਿਆਪਕ ਵਿਚਾਰ ਬਣਾਉਣਾ ਚਾਹੀਦਾ ਹੈ।

### d) ਜੁਰਮ ਸਮੇਂ ਸ਼ੱਕੀ ਵਿਅਕਤੀ ਦੀ ਉਮਰ ਅਤੇ ਪਰਿਪੱਕਤਾ ਕੀ ਸੀ?

- ਫੌਜਦਾਰੀ ਨਿਆਂਇਕ ਪ੍ਰਣਾਲੀ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਨਾਲ ਬਾਲਗਾਂ ਤੋਂ ਵੱਖਰੇ ਢੰਗ ਨਾਲ ਸਲੂਕ ਕਰਦੀ ਹੈ ਅਤੇ ਜੇ ਸ਼ੱਕੀ ਵਿਅਕਤੀ 18 ਸਾਲ ਤੋਂ ਘੱਟ ਉਮਰ ਵਾਲਾ ਇੱਕ ਬੱਚਾ ਜਾਂ ਨੌਜਵਾਨ ਵਿਅਕਤੀ ਹੈ ਤਾਂ ਉਸ ਦੀ ਉਮਰ ਨੂੰ ਕਾਫੀ ਤਵੱਜੋ ਦੇਣੀ ਚਾਹੀਦੀ ਹੈ।
- ਬੱਚੇ ਜਾਂ ਨੌਜਵਾਨ ਵਿਅਕਤੀ ਦੇ ਬਿਹਤਰੀਨ ਹਿੱਤਾਂ ਅਤੇ ਭਲਾਈ ਬਾਰੇ ਲਾਜ਼ਮੀ ਤੌਰ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜਿਸ ਵਿੱਚ ਇਹ ਗੱਲ ਵੀ ਸ਼ਾਮਲ ਹੈ ਕਿ ਕੀ ਮੁਕੱਦਮੇ ਦੀ ਕਾਰਵਾਈ ਕਰਕੇ ਉਨ੍ਹਾਂ ਦੇ ਭਵਿੱਖ ਦੀਆਂ ਸੰਭਾਵਨਾਵਾਂ ਉੱਤੇ ਉਲਟ ਅਸਰ ਪੈਣ ਦੀ ਸੰਭਾਵਨਾ ਹੈ ਜੋ ਕਿ ਜੁਰਮ ਦੀ ਗੰਭੀਰਤਾ ਪ੍ਰਤੀ ਬੇਮੇਲ ਹੁੰਦੀ ਹੈ।
- ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ 'ਤੇ ਨੌਜਵਾਨ ਵਿਅਕਤੀਆਂ ਦੀ ਨਿਆਂਇਕ ਪ੍ਰਣਾਲੀ ਦੇ ਮੁੱਖ ਉਦੇਸ਼ ਵੱਲ ਧਿਆਨ ਦੇਣਾ ਚਾਹੀਦਾ ਹੈ, ਜੋ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਵੱਲੋਂ ਜੁਰਮ ਰੋਕਣ ਲਈ ਹੈ। ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ 'ਤੇ ਬੱਚੇ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ 1989 ਦੀ ਕਨਵੈਨਸ਼ਨ ਤਹਿਤ ਉਤਪੰਨ ਜ਼ਿੰਮੇਵਾਰੀਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।
- ਪ੍ਰੋਸੀਕਿਊਟਰਾਂ ਨੂੰ ਸ਼ੱਕੀ ਵਿਅਕਤੀ ਦੀ ਪਰਿਪੱਕਤਾ ਦੇ ਨਾਲ-ਨਾਲ ਉਨ੍ਹਾਂ ਦੀ ਕਾਲਕ੍ਰਮਿਕ ਉਮਰ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਨੌਜਵਾਨ ਬਾਲਗ ਆਪਣੇ ਵੀਹਵਿਆਂ ਦੇ ਅੱਧ ਤੱਕ ਪਰਿਪੱਕ ਹੁੰਦੇ ਰਹਿਣਗੇ।

- ਸ਼ੁਰੂਆਤ ਵੱਜੋਂ ਸ਼ੱਕੀ ਵਿਅਕਤੀ ਦੀ ਉਮਰ ਜਿੰਨੀ ਘੱਟ ਹੁੰਦੀ ਹੈ, ਮੁਕੱਦਮਾ ਚਲਾਉਣ ਦੀ ਲੋੜ ਦੀ ਸੰਭਾਵਨਾ ਓਨੀ ਹੀ ਘੱਟ ਹੁੰਦੀ ਹੈ।
- ਪਰ ਅਜਿਹੇ ਹਾਲਾਤ ਹੋ ਸਕਦੇ ਹਨ ਜਿਸ ਦਾ ਅਰਥ ਹੁੰਦਾ ਹੈ ਕਿ, ਸ਼ੱਕੀ ਵਿਅਕਤੀ ਦੀ ਉਮਰ 18 ਸਾਲ ਤੋਂ ਘੱਟ ਹੋਣ ਜਾਂ ਉਸ ਵਿੱਚ ਸਿਆਣਪ ਘੱਟ ਹੋਣ ਦੇ ਤੱਥ ਦੇ ਬਾਵਜੂਦ, ਮੁਕੱਦਮਾ ਚਲਾਉਣਾ ਜਨਤਕ ਹਿੱਤ ਵਿੱਚ ਹੁੰਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹੈ ਕਿ ਜਿੱਥੇ:

  i. ਕੀਤਾ ਗਿਆ ਜੁਰਮ ਗੰਭੀਰ ਹੈ;

  ii. ਸ਼ੱਕੀ ਵਿਅਕਤੀ ਦਾ ਪਿਛਲਾ ਰਿਕਾਰਡ ਸੁਝਾਉਂਦਾ ਹੈ ਕਿ ਮੁਕੱਦਮਾ ਚਲਾਉਣ ਤੋਂ ਇਲਾਵਾ ਕੋਈ ਢੁਕਵੇਂ ਵਿਕਲਪ ਨਹੀਂ ਹਨ; ਅਤੇ

  iii.ਸਵੀਕਾਰ ਨਾ ਕਰਨ ਦਾ ਅਰਥ ਹੈ ਕਿ ਅਦਾਲਤ ਤੋਂ ਬਾਹਰ ਵਾਲੇ ਨਿਪਟਾਰੇ, ਜਿਨ੍ਹਾਂ ਨੇ ਮੁਜਰਮਾਨਾ ਵਿਵਹਾਰ ਨੂੰ ਨਜਿੱਠਿਆ ਹੋ ਸਕਦਾ ਸੀ, ਉਪਲਬਧ ਨਹੀਂ ਹਨ।

### e) ਭਾਈਚਾਰੇ ਉੱਤੇ ਕੀ ਪ੍ਰਭਾਵ ਹੈ?

- ਜੁਰਮ ਦਾ ਭਾਈਚਾਰੇ ਉੱਤੇ ਜਿੰਨਾ ਜ਼ਿਆਦਾ ਅਸਰ ਹੁੰਦਾ ਹੈ, ਮੁਕੱਦਮਾ ਚਲਾਉਣ ਦੀ ਲੋੜ ਦੀ ਸੰਭਾਵਨਾ ਓਨੀ ਹੀ ਵੱਧ ਹੁੰਦੀ ਹੈ।
- ਭਾਈਚਾਰੇ ਵਿੱਚ ਇੱਕ ਜੁਰਮ ਦਾ ਪ੍ਰਚਲਨ ਉਸ ਭਾਈਚਾਰੇ ਲਈ ਖਾਸ ਨੁਕਸਾਨ ਦਾ ਕਾਰਨ ਬਣ ਸਕਦਾ ਹੈ, ਜੋ ਜੁਰਮ ਦੀ ਗੰਭੀਰਤਾ ਵਿੱਚ ਵਾਧਾ ਕਰਦਾ ਹੈ।
- ਭਾਈਚਾਰਾ ਉਨ੍ਹਾਂ ਭਾਈਚਾਰਿਆਂ ਤੱਕ ਸੀਮਤ ਨਹੀਂ ਹੈ ਜਿਸ ਨੂੰ ਇੱਕ ਜਗ੍ਹਾ ਦੁਆਰਾ ਪਰਭਾਸ਼ਿਤ ਕੀਤਾ ਜਾਂਦਾ ਹੈ ਅਤੇ ਇਹ ਉਨ੍ਹਾਂ ਲੋਕਾਂ ਦੇ ਸਮੂਹ ਨਾਲ ਸਬੰਧਤ ਹੁੰਦਾ ਹੈ ਜੋ ਖਾਸ ਵਿਸ਼ੇਸ਼ਤਾਵਾਂ, ਤਜਰਬੇ ਜਾਂ ਪਿਛੋਕੜ ਸਾਂਝੇ ਕਰਦੇ ਹਨ, ਜਿਸ ਵਿੱਚ ਵਿਵਸਾਇਕ ਗਰੁੱਪ ਵੀ ਸ਼ਾਮਲ ਹੈ।
- ਭਾਈਚਾਰੇ ਉੱਤੇ ਪ੍ਰਭਾਵ ਦੇ ਸਬੂਤ ਨੂੰ ਭਾਈਚਾਰੇ ਉੱਤੇ ਪ੍ਰਭਾਵ ਬਾਰੇ ਬਿਆਨ (Community Impact Statement) ਦੇ ਤਰੀਕੇ ਰਾਹੀਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

### f) ਕੀ ਮੁਕੱਦਮਾ ਇੱਕ ਅਨੁਰੂਪਕ (ਅਨੁਪਾਤਕ) ਪ੍ਰਤਿਕਿਰਿਆ ਹੈ?

- ਇਹ ਵਿਚਾਰ ਕਰਦੇ ਸਮੇਂ ਕਿ ਕੀ ਮੁਕੱਦਮਾ ਚਲਾਉਣਾ ਸੰਭਾਵੀ ਨਤੀਜੇ ਦੇ ਅਨੁਰੂਪ ਹੈ, ਅੱਗੇ ਦਿੱਤੀਆਂ ਗੱਲਾਂ ਢੁਕਵੀਆਂ ਹੋ ਸਕਦੀਆਂ ਹਨ:

  i. CPS ਅਤੇ ਵਿਆਪਕ ਫੌਜਦਾਰੀ ਨਿਆਂਇਕ ਪ੍ਰਣਾਲੀ ਦਾ ਖਰਚਾ, ਖਾਸ ਤੌਰ 'ਤੇ ਜਿੱਥੇ ਇਸ ਨੂੰ ਸੰਭਾਵੀ ਸਜ਼ਾ ਦੀ ਤੁਲਨਾ ਵਿੱਚ ਲੋੜੋਂ ਵੱਧ ਸਮਝਿਆ ਜਾ ਸਕਦਾ ਹੈ। ਪ੍ਰੋਸੀਕਿਊਟਰਾਂ ਨੂੰ ਸਿਰਫ ਇਸ ਕਾਰਕ ਦੇ ਆਧਾਰ 'ਤੇ ਜਨਤਕ ਹਿੱਤ ਬਾਰੇ ਫੈਸਲਾ ਨਹੀਂ ਕਰਨਾ ਚਾਹੀਦਾ। ਇਹ ਗੱਲ ਲਾਜ਼ਮੀ ਹੈ ਕਿ ਪਹਿਚਾਣ ਕੀਤੇ ਜਨਤਕ ਹਿੱਤ ਦੇ ਕਾਰਕਾਂ ਲਈ ਉਸ ਸਮੇਂ ਵੀ ਧਿਆਨ ਦਿੱਤਾ ਜਾਂਦਾ ਹੈ ਜਦੋਂ 4.14 a) ਤੋਂ ਲੈ ਕੇ g) ਤੱਕ ਦੇ ਪੈਰਿਆਂ ਵਿੱਚ ਹੋਰਨਾਂ ਪ੍ਰਸ਼ਨਾਂ ਉੱਤੇ ਵਿਚਾਰ ਕੀਤਾ ਜਾਂਦਾ ਹੈ, ਪਰ ਜਨਤਕ ਹਿੱਤ ਵਿੱਚ ਵਿਆਪਕ ਮੁਲਾਂਕਣ ਕਰਨ ਸਮੇਂ ਖਰਚਾ ਢੁਕਵਾਂ ਕਾਰਕ ਹੋ ਸਕਦਾ ਹੈ।

  ii. ਕੇਸਾਂ ਲਈ ਮੁਕੱਦਮਾ ਪ੍ਰਭਾਵਸ਼ਾਲੀ ਕੇਸ ਪ੍ਰਬੰਧਨ ਦੇ ਸਿਧਾਤਾਂ ਮੁਤਾਬਕ ਚਲਾਉਣਾ ਚਾਹੀਦਾ ਹੈ। ਮਿਸਾਲ ਲਈ ਇੱਕ ਤੋਂ ਵੱਧ ਸ਼ੱਕੀ ਵਿਅਕਤੀਆਂ ਵਾਲੇ ਕੇਸ ਵਿੱਚ ਲੋੜੋਂ ਵੱਧ ਅਤੇ ਪੇਚੀਦਾ ਕਾਰਵਾਈਆਂ ਤੋਂ ਬਚਾਅ ਕਰਨ ਲਈ ਮੁਕੱਦਮਾ ਪ੍ਰਮੁੱਖ ਸਹਿਭਾਗੀਆਂ ਲਈ ਰਾਖਵਾਂ ਰੱਖਿਆ ਜਾ ਸਕਦਾ ਹੈ।

### g) ਕੀ ਸੂਚਨਾ ਦੇ ਸ੍ਰੋਤਾਂ ਨੂੰ ਸੁਰੱਖਿਆ ਦੀ ਲੋੜ ਹੈ?

- ਉਨ੍ਹਾਂ ਕੇਸਾਂ ਵਿੱਚ ਜਿੱਥੇ ਜਨਤਕ ਹਿੱਤ ਦੀ ਛੋਟ ਲਾਗੂ ਨਹੀਂ ਹੁੰਦੀ, ਉੱਥੇ ਇੱਕ ਮੁਕੱਦਮੇ ਦੀਆਂ ਕਾਰਵਾਈਆਂ ਨੂੰ ਅੱਗੇ ਵਧਾਉਣ ਸਮੇਂ ਖਾਸ ਧਿਆਨ ਰੱਖਣਾ ਚਾਹੀਦਾ ਹੈ ਜਿੱਥੇ ਉਨ੍ਹਾਂ ਵੇਰਵਿਆਂ ਨੂੰ ਜਨਤਕ ਬਣਾਉਣ ਦੀ ਲੋੜ ਪੈ ਸਕਦੀ ਹੈ ਜੋ ਸੂਚਨਾ ਦੇ ਸ੍ਰੋਤਾਂ, ਚਲ ਰਹੀ ਜਾਂਚਾਂ, ਅੰਤਰਰਾਸ਼ਟਰੀ ਰਿਸ਼ਤਿਆਂ ਜਾਂ ਰਾਸ਼ਟਰੀ ਸੁਰੱਖਿਆ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਹ ਲਾਜ਼ਮੀ ਹੈ ਕਿ ਅਜਿਹੇ ਮਾਮਲਿਆਂ ਨੂੰ ਨਿਰੰਤਰ ਸਮੀਖਿਆ ਤਹਿਤ ਰੱਖਿਆ ਜਾਵੇ।

# ਪ੍ਰਵੇਸ਼-ਆਧਾਰ ਵਾਲੀ ਪਰਖ

5.1. ਸੀਮਤ ਹਾਲਾਤ ਵਿੱਚ ਜਿੱਥੇ ਨੇਮਾਵਲੀ ਦੀ ਮੁਕੰਮਲ ਪਰਖ ਪੂਰੀ ਨਹੀਂ ਕੀਤੀ ਜਾਂਦੀ, ਉੱਥੇ ਸ਼ੱਕੀ ਵਿਅਕਤੀ ਉੱਤੇ ਦੋਸ਼ ਆਇਦ ਕਰਨ ਲਈ ਪ੍ਰਵੇਸ਼-ਆਧਾਰ ਵਾਲੀ ਪਰਖ ਲਾਗੂ ਕੀਤੀ ਜਾ ਸਕਦੀ ਹੈ। ਕੇਸ ਦੀ ਗੰਭੀਰਤਾ ਜਾਂ ਹਾਲਾਤ ਨੂੰ ਲਾਜ਼ਮੀ ਤੌਰ ’ਤੇ ਦੋਸ਼ ਲਗਾਉਣ ਲਈ ਤੁਰੰਤ ਫੈਸਲੇ ਨੂੰ ਵਾਜਬ ਠਹਿਰਾਉਣਾ ਚਾਹੀਦਾ ਹੈ ਅਤੇ ਜ਼ਮਾਨਤ ਲਈ ਇਤਰਾਜ਼ ਕਰਨ ਲਈ ਠੋਸ ਅਧਾਰ ਹੋਣੇ ਚਾਹੀਦੇ ਹਨ।

5.2. ਪ੍ਰਵੇਸ਼-ਆਧਾਰ ਵਾਲੀ ਪਰਖ ਦੀਆਂ ਪੰਜ ਸ਼ਰਤਾਂ ਲਈ ਲਾਜ਼ਮੀ ਤੌਰ ’ਤੇ ਸਖਤ ਮੁਆਇਨਾ ਹੋਣਾ ਚਾਹੀਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਨੂੰ ਸਿਰਫ ਲੋੜ ਪੈਣ ’ਤੇ ਹੀ ਲਾਗੂ ਕੀਤਾ ਜਾਂਦਾ ਹੈ ਅਤੇ ਇਹ ਕਿ ਕੇਸਾਂ ਲਈ ਸਮੇਂ ਤੋਂ ਪਹਿਲਾਂ ਹੀ ਦੋਸ਼ ਨਹੀਂ ਲਗਾਏ ਜਾਂਦੇ। ਪ੍ਰਵੇਸ਼-ਆਧਾਰ ਵਾਲੀ ਪਰਖ ਲਾਗੂ ਕੀਤੇ ਜਾਣ ਤੋਂ ਪਹਿਲਾਂ ਸਾਰੀਆਂ ਪੰਜ ਸ਼ਰਤਾਂ ਲਾਜ਼ਮੀ ਤੌਰ ’ਤੇ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਜਿੱਥੇ ਕੋਈ ਵੀ ਸ਼ਰਤ ਪੂਰੀ ਨਹੀਂ ਹੁੰਦੀ, ਉੱਥੇ ਹੋਰਨਾਂ ਕਿਸੇ ਵੀ ਸ਼ਰਤਾਂ ਬਾਰੇ ਵਿਚਾਰ ਕਰਨ ਦੀ ਲੋੜ ਨਹੀਂ ਹੁੰਦੀ, ਕਿਉਂਕਿ ਪ੍ਰਵੇਸ਼-ਆਧਾਰ ਵਾਲੀ ਪਰਖ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ ਅਤੇ ਸ਼ੱਕੀ ਵਿਅਕਤੀ ਵਿਰੁੱਧ ਦੋਸ਼ ਨਹੀਂ ਲਗਾਇਆ ਜਾ ਸਕਦਾ।

### ਪਹਿਲੀ ਸ਼ਰਤ - ਇਹ ਸ਼ੱਕ ਕਰਨ ਲਈ ਮੁਨਾਸਬ ਆਧਾਰ ਹੁੰਦੇ ਹਨ ਕਿ ਦੋਸ਼ ਲਗਾਏ ਜਾਣ ਵਾਲੇ ਵਿਅਕਤੀ ਨੇ ਜੁਰਮ ਕੀਤਾ ਹੈ

5.3. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ, ਸਬੂਤ ਦੇ ਨਿਰਪੱਖ ਮੁਲਾਂਕਣ ’ਤੇ, ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਇਹ ਸ਼ੱਕ ਕਰਨ ਲਈ ਮੁਨਾਸਬ ਆਧਾਰ ਹੁੰਦੇ ਹਨ ਕਿ ਦੋਸ਼ ਲਗਾਏ ਜਾਣ ਵਾਲੇ ਵਿਅਕਤੀ ਨੇ ਜੁਰਮ ਕੀਤਾ ਹੈ। ਮੁਲਾਂਕਣ ਵਿੱਚ ਲਾਜ਼ਮੀ ਤੌਰ ’ਤੇ ਕਿਸੇ ਵੀ ਬਚਾਅ-ਪੱਖ ਜਾਂ ਜਾਣਕਾਰੀ ਦੇ ਅਸਰ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜੋ ਸ਼ੱਕੀ ਵਿਅਕਤੀ ਨੇ ਪੇਸ਼ ਕੀਤੀ ਹੈ ਜਾਂ ਜਿਸ ਉੱਤੇ ਉਹ ਭਰੋਸਾ ਕਰ ਸਕਦੇ ਹਨ।

5.4. ਇਹ ਨਿਰਧਾਰਣ ਕਰਨ ਲਈ ਕਿ ਕੀ ਸ਼ੱਕ ਕਰਨ ਲਈ ਮੁਨਾਸਬ ਆਧਾਰ ਹੈ, ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਸਾਰੀ ਉਪਲਬਧ ਸਾਮੱਗਰੀ ਜਾਂ ਜਾਣਕਾਰੀ ਬਾਰੇ ਵਿਚਾਰ ਕਰਨਾ ਚਾਹੀਦਾ ਹੈ, ਭਾਵੇਂ ਇਹ ਸਬੂਤ ਵਾਲੇ ਫਾਰਮੇਟ ਵਿੱਚ ਜਾਂ ਕਿਸੇ ਹੋਰ ਤਰ੍ਹਾਂ ਨਾਲ ਦਿੱਤੀ ਜਾਂਦੀ ਹੈ। ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਇਸ ਪੜਾਅ ’ਤੇ ਜਿਸ ਸਾਮੱਗਰੀ ’ਤੇ ਭਰੋਸਾ ਕੀਤਾ ਜਾਣਾ ਹੈ ਉਹ ਇਨ੍ਹਾਂ ਗੱਲਾਂ ਲਈ ਸਮਰੱਥ ਹੋਵੇ:

- ਅਦਾਲਤ ਵਿੱਚ ਪੇਸ਼ ਕਰਨ ਲਈ ਸਵੀਕਾਰਨਯੋਗ ਫਾਰਮੇਟ ਵਿੱਚ ਪਾਏ ਜਾਣ ਦੇ;
- ਭਰੋਸੇਯੋਗ; ਅਤੇ
- ਵਿਸ਼ਵਾਸਯੋਗ ਹੋਵੇ।

### ਦੂਜੀ ਸ਼ਰਤ - ਦੋਸ਼ ਸਾਬਤ ਕਰਨ ਦੀ ਵਾਸਤਵਿਕ ਸੰਭਾਵਨਾ ਮੁਹੱਈਆ ਕਰਨ ਲਈ ਅਗਲੇਰਾ ਸਬੂਤ ਪ੍ਰਾਪਤ ਕੀਤਾ ਜਾ ਸਕਦਾ ਹੈ।

5.5. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਇਸ ਗੱਲ ਤੋਂ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਇਹ ਮੰਨਣ ਲਈ ਮੁਨਾਸਬ ਆਧਾਰ ਹੁੰਦੇ ਹਨ ਕਿ ਜਾਰੀ ਜਾਂਚ ਵਾਜਬ ਸਮੇਂ ਅੰਦਰ ਅਗਲੇਰਾ ਸਬੂਤ ਮੁਹੱਈਆ ਕਰੇਗੀ, ਤਾਂ ਕਿ ਜਦੋਂ ਸਾਰੇ ਸਬੂਤ ਬਾਰੇ ਇਕੱਠਿਆਂ ਵਿਚਾਰ ਕੀਤਾ ਜਾਂਦਾ ਹੈ, ਜਿਸ ਵਿੱਚ ਉਹ ਸਾਮੱਗਰੀ ਵੀ ਸ਼ਾਮਲ ਹੁੰਦੀ ਹੈ ਜੋ ਇੱਕ ਖਾਸ ਸ਼ੱਕੀ ਵਿਅਕਤੀ ਤੋਂ ਪਰ੍ਹਾਂ ਜਾਂ ਉਸ ਵੱਲ ਇਸ਼ਾਰਾ ਕਰ ਸਕਦੀ ਹੈ, ਤਾਂ ਇਹ ਨੇਮਾਵਲੀ ਦੀ ਮੁਕੰਮਲ ਪਰਖ ਦੇ ਮੁਤਾਬਕ ਦੋਸ਼ ਸਾਬਤ ਕਰਨ ਦੀ ਵਾਸਤਵਿਕ ਸੰਭਾਵਨਾ ਸਥਾਪਤ ਕਰਨ ਦੇ ਸਮਰੱਥ ਹੁੰਦੀ ਹੈ।

5.6. ਅਗਲੇਰਾ ਸੰਭਾਵੀ ਸਬੂਤ ਲਾਜ਼ਮੀ ਤੌਰ ’ਤੇ ਪਹਿਚਾਣ ਕਰਨ ਯੋਗ ਹੋਣਾ ਚਾਹੀਦਾ ਹੈ ਅਤੇ ਮਹਿਜ਼ ਖ਼ਿਆਲੀ ਨਹੀਂ ਹੋਣਾ ਚਾਹੀਦਾ।

5.7. ਇਸ ਫੈਸਲੇ ’ਤੇ ਪਹੁੰਚਣ ਲਈ ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਇਹਨਾਂ ਬਾਰੇ ਵਿਚਾਰ ਕਰਨਾ ਚਾਹੀਦਾ ਹੈ:

- ਕਿਸੇ ਵੀ ਅਗਲੇਰੇ ਸੰਭਾਵੀ ਸਬੂਤ ਦੀ ਪ੍ਰਕਿਰਤੀ, ਹੱਦ ਅਤੇ ਸਵੀਕਾਰਨਯੋਗਤਾ ਅਤੇ ਪ੍ਰਭਾਵ ਜੋ ਇਸ ਦਾ ਕੇਸ ਉੱਤੇ ਹੋਵੇਗਾ;
- ਉਹ ਦੋਸ਼ ਜਿਨ੍ਹਾਂ ਦਾ ਸਾਰੇ ਸਬੂਤ ਸਮਰਥਨ ਕਰਨਗੇ;

- ਇਹ ਕਾਰਨ ਕਿ ਸਬੂਤ ਪਹਿਲਾਂ ਤੋਂ ਹੀ ਉਪਲਬਧ ਕਿਉ ਨਹੀਂ ਹੈ;
- ਅਗਲੇਰਾ ਸਬੂਤ ਪ੍ਰਾਪਤ ਕਰਨ ਲਈ ਲੋੜੀਂਦਾ ਸਮਾਂ, ਜਿਸ ਵਿੱਚ ਇਹ ਗੱਲ ਵੀ ਸ਼ਾਮਲ ਹੈ ਕਿ ਕੀ ਇਸ ਨੂੰ ਨਜ਼ਰਬੰਦੀ ਲਈ ਕਿਸੇ ਵੀ ਉਪਲਬਧ ਸਮੇਂ ਦੇ ਅੰਦਰ ਪ੍ਰਾਪਤ ਕੀਤਾ ਜਾ ਸਕਦਾ ਹੈ; ਅਤੇ
- ਕੀ ਨੇਮਾਵਲੀ ਲਈ ਮੁਕੰਮਲ ਪਰਖ ਨੂੰ ਲਾਗੂ ਕਰਨ ਵਿੱਚ ਦੇਰੀ ਸਾਰੇ ਤਰ੍ਹਾਂ ਦੇ ਹਾਲਾਤ ਲਈ ਮੁਨਾਸਬ ਹੈ।

### ਤੀਜੀ ਸ਼ਰਤ - ਕੇਸ ਦੀ ਗੰਭੀਰਤਾ ਜਾਂ ਹਾਲਾਤ ਤੁਰੰਤ ਦੋਸ਼ ਲਗਾਉਣ ਦੇ ਫੈਸਲੇ ਨੂੰ ਮੁਨਾਸਬ ਠਹਿਰਾਉਂਦੇ ਹਨ

5.8. ਕੇਸ ਦੀ ਗੰਭੀਰਤਾ ਅਤੇ ਹਾਲਾਤ ਦਾ ਕਥਿਤ ਅਪਰਾਧ ਦੇ ਸਬੰਧ ਵਿੱਚ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਜ਼ਮਾਨਤ ਦੇਣ ਕਾਰਨ ਉਤਪੰਨ ਹੋਣ ਵਾਲੇ ਜੋਖਮ ਦੇ ਪੱਧਰ ਨਾਲ ਜੋੜਨਾ ਚਾਹੀਦਾ ਹੈ।

### ਚੌਥੀ ਸ਼ਰਤ - ਜ਼ਮਾਨਤ ਸਬੰਧੀ ਕਾਨੂੰਨ (Bail Act) 1976 ਮੁਤਾਬਕ ਜ਼ਮਾਨਤ ਦਾ ਇਤਰਾਜ ਕਰਨ ਲਈ ਲਗਾਤਾਰ ਮਹੱਤਵਪੂਰਨ ਆਧਾਰ ਹੋਣੇ ਚਾਹੀਦੇ ਹਨ ਅਤੇ ਕੇਸ ਦੇ ਸਾਰੇ ਹਾਲਾਤ ਵਿੱਚ ਅਜਿਹਾ ਕਰਨਾ ਢੁਕਵਾਂ ਹੁੰਦਾ ਹੈ।

5.9. ਇਹ ਨਿਰਧਾਰਣ ਲਾਜ਼ਮੀ ਤੌਰ ’ਤੇ ਢੁਕਵੇਂ ਜੋਖਮ ਮੁਲਾਂਕਣ ਦੇ ਆਧਾਰ ’ਤੇ ਹੋਣਾ ਚਾਹੀਦਾ ਹੈ, ਜੋ ਇਹ ਪ੍ਰਗਟਾਵਾ ਕਰਦਾ ਹੈ ਕਿ ਸ਼ੱਕੀ ਵਿਅਕਤੀ ਕਾਫੀ ਸ਼ਰਤਾਂ ਦੇ ਬਾਵਜੂਦ ਵੀ ਜ਼ਮਾਨਤ ਦਿੱਤੇ ਜਾਣ ਲਈ ਢੁਕਵਾਂ ਨਹੀਂ ਹੈ। ਮਿਸਾਲ ਲਈ, ਇੱਕ ਖਤਰਨਾਕ ਸ਼ੱਕੀ ਵਿਅਕਤੀ ਜੋ ਇੱਕ ਖਾਸ ਵਿਅਕਤੀ ਜਾਂ ਜਨਤਾ ਲਈ ਨੁਕਸਾਨ ਦਾ ਗੰਭੀਰ ਜੋਖਮ ਪੇਸ਼ ਕਰਦਾ ਹੈ, ਜਾਂ ਇੱਕ ਸ਼ੱਕੀ ਵਿਅਕਤੀ ਜੋ ਫਰਾਰ ਹੋਣ ਜਾਂ ਗਵਾਹਾਂ ਲਈ ਰੁਕਾਵਟ ਬਣਨ ਦਾ ਗੰਭੀਰ ਜੋਖਮ ਪੇਸ਼ ਕਰਦਾ ਹੈ। ਪ੍ਰੋਸੀਕਿਊਟਰਾਂ ਨੂੰ ਧਿਆਨਪੂਰਵਕ ਜਾਂਚ ਤੋਂ ਬਗੈਰ ਉਸ ਸੂਰਤ ਵਿੱਚ ਜੋਖਮ ਬਾਰੇ ਕਿਸੇ ਵੀ ਅਣਉਚਿਤ ਜਾਂ ਗੈਰ-ਸਮਰਥਿਤ ਦਾਅਵਿਆਂ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ ਜੇ ਜ਼ਮਾਨਤ ਤੇ ਰਿਹਾਈ ਕੀਤੀ ਜਾਣੀ ਹੈ।

### ਪੰਜਵੀਂ ਸ਼ਰਤ - ਸ਼ੱਕੀ ਵਿਅਕਤੀ ’ਤੇ ਦੋਸ਼ ਲਗਾਉਣਾ ਜਨਤਕ ਹਿੱਤ ਵਿੱਚ ਹੈ

5.10. ਪ੍ਰੋਸੀਕਿਊਟਰਾਂ ਨੂੰ ਉਸ ਸਮੇਂ ਉਪਲਬਧ ਜਾਣਕਾਰੀ ਦੇ ਆਧਾਰ ’ਤੇ ਨੇਮਾਵਲੀ ਦੀ ਮੁਕੰਮਲ ਪਰਖ ਦਾ ਜਨਤਕ ਹਿੱਤ ਵਾਲਾ ਪੜਾਅ ਲਾਜ਼ਮੀ ਤੌਰ ’ਤੇ ਲਾਗੂ ਕਰਨਾ ਚਾਹੀਦਾ ਹੈ।

## ਪ੍ਰਵੇਸ਼-ਆਧਾਰ ਵਾਲੀ ਪਰਖ ਦੀ ਸਮੀਖਿਆ ਕਰਨੀ

5.11. ਪ੍ਰਵੇਸ਼-ਆਧਾਰ ਵਾਲੀ ਪਰਖ ਤਹਿਤ ਦੋਸ਼ ਲਗਾਉਣ ਦੇ ਫੈਸਲੇ ਨੂੰ ਲਾਜ਼ਮੀ ਤੌਰ ’ਤੇ ਸਮੀਖਿਆ ਤਹਿਤ ਰੱਖਣਾ ਚਾਹੀਦਾ ਹੈ। ਪ੍ਰੋਸੀਕਿਊਟਰ ਨੂੰ ਸਹਿਮਤੀ ਵਾਲੀ ਸਮਾਂ-ਸਾਰਣੀ ਮੁਤਾਬਕ ਪਹਿਚਾਣ ਕੀਤੇ ਬਕਾਇਆ ਸਬੂਤ ਜਾਂ ਹੋਰ ਸਾਮੱਗਰੀ ਨੂੰ ਪੁਲਿਸ ਤੋਂ ਲੈਣ ਲਈ ਅਤਿ-ਸਰਗਰਮ ਹੋਣਾ ਚਾਹੀਦਾ ਹੈ। ਇਹ ਯਕੀਨੀ ਬਣਾਉਣ ਲਈ ਸਬੂਤ ਦਾ ਨਿਯਮਿਤ ਤੌਰ ’ਤੇ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਦੋਸ਼ ਅਜੇ ਵੀ ਢੁਕਵਾਂ ਹੈ ਅਤੇ ਇਹ ਕਿ ਜ਼ਮਾਨਤ ਲਈ ਨਿਰੰਤਰ ਇਤਰਾਜ ਨਿਆਂਉਚਿਤ ਹੈ। ਜਿਉਂ ਹੀ ਅਗਲੇਰਾ ਅਨੁਮਾਨਤ ਸਬੂਤ ਜਾਂ ਸਾਮੱਗਰੀ ਪ੍ਰਾਪਤ ਹੁੰਦੀ ਹੈ ਤਿਉਂ ਹੀ ਨੇਮਾਵਲੀ ਲਈ ਮੁਕੰਮਲ ਪਰਖ ਨੂੰ ਲਾਜ਼ਮੀ ਤੌਰ ’ਤੇ ਲਾਗੂ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਸੂਰਤ ਵਿੱਚ, ਕ੍ਰਾਊਨ ਕੋਰਟ ਦੇ ਕੇਸਾਂ ਵਿੱਚ, ਪ੍ਰੋਸੀਕੇਸ਼ਨ ਕੇਸ ਦੀ ਰਸਮੀ ਸੇਵਾ ਤੋਂ ਪਹਿਲਾਂ ਅਜਿਹਾ ਹੋਣਾ ਚਾਹੀਦਾ ਹੈ।

# ਦੋਸ਼ਾਂ ਦੀ ਚੋਣ

6.1. ਪ੍ਰੋਸੀਕਿਊਟਰਾਂ ਨੂੰ ਦੋਸ਼ਾਂ ਦੀ ਚੋਣ ਕਰਨੀ ਚਾਹੀਦੀ ਹੈ ਜੋ:

- ਅਪਰਾਧ ਦੀ ਗੰਭੀਰਤਾ ਅਤੇ ਹੱਦ ਨੂੰ ਦਰਸਾਉਂਦੇ ਹਨ;
- ਅਦਾਲਤ ਨੂੰ ਸਜ਼ਾ ਸੁਣਾਉਣ ਲਈ ਅਤੇ ਦੋਸ਼ ਸਾਬਤ ਹੋਣ ਤੋਂ ਬਾਅਦ ਢੁਕਵੇਂ ਹੁਕਮ ਲਾਗੂ ਕਰਨ ਲਈ ਲੋੜੀਂਦੇ ਅਧਿਕਾਰ ਦਿੰਦੇ ਹੋਣ;
- ਢੁਕਵੇਂ ਕੇਸਾਂ ਵਿੱਚ ਜ਼ਬਤੀ ਦੇ ਹੁਕਮ ਦੇਣ ਦੀ ਖੁੱਲ੍ਹ ਦਿੰਦੇ ਹੋਣ, ਜਿੱਥੇ ਪ੍ਰਤਿਵਾਦੀ ਨੂੰ ਮੁਜਰਮਾਨਾ ਵਿਵਹਾਰ ਤੋਂ ਫਾਇਦਾ ਹੋਇਆ ਹੈ; ਅਤੇ
- ਕੇਸ ਨੂੰ ਸਪਸ਼ਟ ਅਤੇ ਸਰਲ ਤਰੀਕੇ ਨਾਲ ਪੇਸ਼ ਕਰਨ ਦੇ ਸਮਰੱਥ ਬਣਾਉਂਦੇ ਹੋਣ।

6.2. ਇਸ ਦਾ ਅਰਥ ਹੈ ਕਿ ਪ੍ਰੋਸੀਕਿਊਟਰ ਹਮੇਸ਼ਾਂ ਸਭ ਤੋਂ ਗੰਭੀਰ ਦੋਸ਼ ਦੀ ਚੋਣ ਨਹੀਂ ਕਰ ਸਕਦਾ ਜਾਂ ਇਸ ਨੂੰ ਜਾਰੀ ਨਹੀਂ ਰੱਖ ਸਕਦਾ ਜਿੱਥੇ ਵਿਕਲਪ ਹੁੰਦਾ ਹੈ ਅਤੇ ਨਿਆਂ ਦੇ ਹਿੱਤ ਘੱਟ ਦੋਸ਼ ਦੀ ਚੋਣ ਨਾਲ ਪੂਰੇ ਹੁੰਦੇ ਹਨ।

6.3. ਪ੍ਰੋਸੀਕਿਊਟਰਾਂ ਨੂੰ ਕਦੇ ਵੀ ਪ੍ਰਤਿਵਾਦੀ ਨੂੰ ਮਹਿਜ਼ ਕੁਝ ਦੋਸ਼ਾਂ ਨੂੰ ਕਬੂਲ ਕਰਨ ਲਈ ਉਤਸ਼ਾਹਿਤ ਕਰਨ ਲਈ ਲੋੜ ਨਾਲੋਂ ਵੱਧ ਦੋਸ਼ਾਂ ਨਾਲ ਅੱਗੇ ਨਹੀਂ ਵਧਣਾ ਚਾਹੀਦਾ। ਇਸੇ ਤਰ੍ਹਾਂ ਉਨ੍ਹਾਂ ਨੂੰ ਕਦੇ ਵੀ ਮਹਿਜ਼ ਇਸ ਲਈ ਜ਼ਿਆਦਾ ਗੰਭੀਰ ਦੋਸ਼ ਨਾਲ ਅੱਗੇ ਨਹੀਂ ਵਧਣਾ ਚਾਹੀਦਾ ਕਿ ਉਹ ਪ੍ਰਤਿਵਾਦੀ ਨੂੰ ਘੱਟ ਗੰਭੀਰ ਇਲਜ਼ਾਮ ਲਈ ਦੋਸ਼ ਕਬੂਲ ਕਰਨ ਲਈ ਉਤਸ਼ਾਹਿਤ ਕਰਨ।

6.4. ਪ੍ਰੋਸੀਕਿਊਟਰਾਂ ਨੂੰ ਮਹਿਜ਼ ਇਸ ਕਰਕੇ ਦੋਸ਼ ਵਿੱਚ ਤਬਦੀਲੀ ਨਹੀਂ ਕਰਨੀ ਚਾਹੀਦੀ ਕਿਉਂਕਿ ਅਦਾਲਤ ਵੱਲੋਂ ਜਾਂ ਪ੍ਰਤਿਵਾਦੀ ਵੱਲੋਂ ਇਸ ਬਾਰੇ ਫੈਸਲਾ ਕੀਤਾ ਗਿਆ ਸੀ ਕਿ ਕੇਸ ਦੀ ਸੁਣਵਾਈ ਕਿੱਥੇ ਕੀਤੀ ਜਾਵੇਗੀ।

6.5. ਪ੍ਰੋਸੀਕਿਊਟਰਾਂ ਨੂੰ ਦੋਸ਼ ਲਗਾਉਣ ਤੋਂ ਬਾਅਦ ਕੇਸ ਦੇ ਅੱਗੇ ਵਧਣ ਨਾਲ ਹਾਲਾਤ ਵਿੱਚ ਕਿਸੇ ਵੀ ਢੁਕਵੀਂ ਤਬਦੀਲੀ ਦਾ ਲਾਜ਼ਮੀ ਤੌਰ 'ਤੇ ਧਿਆਨ ਰੱਖਣਾ ਚਾਹੀਦਾ ਹੈ।

# ਅਦਾਲਤ ਤੋਂ ਬਾਹਰ ਨਿਪਟਾਰੇ

7.1. ਮੁਕੱਦਮਾ ਚਲਾਏ ਜਾਣ ਦੀ ਜਗ੍ਹਾ ਅਦਾਲਤ ਤੋਂ ਬਾਹਰ ਨਿਪਟਾਰੇ ਹੋ ਸਕਦੇ ਹਨ ਜੇ ਮੁਜਰਮ ਲਈ ਅਤੇ/ਜਾਂ ਅਪਰਾਧ ਦੀ ਗੰਭੀਰਤਾ ਅਤੇ ਸਿੱਟਿਆਂ ਲਈ ਇਹ ਢੁਕਵੀਂ ਪ੍ਰਤੀਕਿਰਿਆ ਹੁੰਦੀ ਹੈ।

7.2. ਪ੍ਰੋਸੀਕਿਊਟਰਾਂ ਨੂੰ ਜਦੋਂ ਅਦਾਲਤ ਤੋਂ ਬਾਹਰ ਨਿਪਟਾਰਿਆਂ ਲਈ ਸਲਾਹ ਦੇਣ ਵਾਸਤੇ ਪੁੱਛਿਆ ਜਾਂਦਾ ਹੈ ਜਾਂ ਅਧਿਕਾਰ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਕਿਸੇ ਵੀ ਢੁਕਵੀਂ ਸੇਧ ਦੀ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਕੋਈ ਵੀ ਢੁਕਵੀਆਂ ਰੈਗੂਲੇਟਰੀ ਕਾਰਵਾਈਆਂ, ਦੰਡਾਤਮਕ ਜਾਂ ਦੀਵਾਨੀ ਸਜ਼ਾ, ਜਾਂ ਹੋਰ ਨਿਪਟਾਰੇ ਸ਼ਾਮਲ ਹਨ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਦਾਲਤ ਤੋਂ ਬਾਹਰ ਨਿਪਟਾਰੇ ਲਈ ਸਬੂਤ ਸਬੰਧੀ ਢੁਕਵੇਂ ਮਿਆਰ ਨੂੰ ਪੂਰਾ ਕੀਤਾ ਜਾਂਦਾ ਹੈ, ਜਿਸ ਵਿੱਚ ਸ਼ਾਮਲ ਹੈ ਕਿ ਜਿੱਥੇ ਜ਼ਰੂਰਤ ਹੁੰਦੀ ਹੈ, ਦੋਸ਼ ਨੂੰ ਸਾਫ ਤੌਰ 'ਤੇ ਕਬੂਲ ਕਰਨਾ, ਅਤੇ ਇਹ ਕਿ ਅਜਿਹੇ ਨਿਪਟਾਰੇ ਨਾਲ ਜਨਤਕ ਹਿੱਤ ਦਾ ਸਹੀ ਤਰ੍ਹਾਂ ਨਾਲ ਨਿਭਾਅ ਕੀਤਾ ਜਾਵੇਗਾ।

# ਅਦਾਲਤ ਦੀ ਜਗ੍ਹਾ

8.1. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਮਜਿਸਟ੍ਰੇਟ ਦੀ ਅਦਾਲਤ ਵਿੱਚ ਇਹ ਬੇਨਤੀਆਂ ਕਰਨ ਸਮੇਂ, ਕਿ ਪ੍ਰਤਿਵਾਦੀ ਉੱਤੇ ਕਿਹੜੀ ਜਗ੍ਹਾ ’ਤੇ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ, ਸਜ਼ਾ ਦੇਣ ਅਤੇ ਨਿਰਧਾਰਣ ਕਰਨ ਸਬੰਧੀ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

8.2. ਕੇਸ ਨੂੰ ਮਜਿਸਟ੍ਰੇਟ ਦੀ ਅਦਾਲਤ ਵਿੱਚ ਰੱਖੇ ਜਾਣ ਲਈ ਕਹਿਣ ਵਾਸਤੇ ਰਫ਼ਤਾਰ ਲਾਜ਼ਮੀ ਤੌਰ ’ਤੇ ਇੱਕਮਾਤਰ ਕਾਰਨ ਨਹੀਂ ਹੋਣੀ ਚਾਹੀਦੀ। ਪਰ ਜੇ ਕੇਸ ਨੂੰ ਕ੍ਰਾਊਨ ਕੋਰਟ ਵਿੱਚ ਭੇਜਿਆ ਜਾਂਦਾ ਹੈ ਤਾਂ ਪ੍ਰੋਸੀਕਿਊਟਰਾਂ ਨੂੰ ਕਿਸੇ ਵੀ ਸੰਭਾਵੀ ਦੇਰੀ ਦੇ ਪ੍ਰਭਾਵ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜਿਸ ਵਿੱਚ ਕਿਸੇ ਵੀ ਪੀੜ੍ਹਤ ਜਾਂ ਗਵਾਹ ਉੱਤੇ ਸੰਭਾਵੀ ਪ੍ਰਭਾਵ ਵੀ ਸ਼ਾਮਲ ਹੈ।

8.3. ਪ੍ਰੋਸੀਕਿਊਟਰਾਂ ਨੂੰ ਇਹ ਗੱਲ ਆਪਣੇ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਜੇ ਜ਼ਬਤੀ ਦੀਆਂ ਕਾਰਵਾਈਆਂ ਦੀ ਜ਼ਰੂਰਤ ਹੈ, ਤਾਂ ਇਹ ਸਿਰਫ ਕ੍ਰਾਊਨ ਕੋਰਟ ਵਿੱਚ ਹੀ ਹੋ ਸਕਦੀਆਂ ਹਨ। ਜਿੱਥੇ ਢੁਕਵਾਂ ਹੁੰਦਾ ਹੈ ਉੱਥੇ ਉਸ ਉਦੇਸ਼ ਲਈ ਸਮਰੀ ਪ੍ਰੋਸੀਡਿੰਗਜ਼ ਕੀਤੀਆਂ ਜਾ ਸਕਦੀਆਂ ਹਨ।

## ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਦੀ ਸ਼ਮੂਲੀਅਤ ਵਾਲੇ ਕੇਸਾਂ ਵਿੱਚ ਮੁਕੱਦਮੇ ਲਈ ਜਗ੍ਹਾ

8.4. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਇਹ ਗੱਲ ਆਪਣੇ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ (18 ਸਾਲ ਤੋਂ ਘੱਟ) ਦਾ ਮੁਕੱਦਮਾ ਜਿੱਥੇ ਸੰਭਵ ਹੋਵੇ ਉੱਥੇ ਯੂਥ ਕੋਰਟ ਵਿੱਚ ਚਲਾਉਣਾ ਚਾਹੀਦਾ ਹੈ। ਇਹੀ ਅਦਾਲਤ ਹੈ ਜੋ ਉਨ੍ਹਾਂ ਦੀਆਂ ਖਾਸ ਲੋੜਾਂ ਨੂੰ ਪੂਰਾ ਕਰਨ ਲਈ ਬਿਹਤਰੀਨ ਢੰਗ ਨਾਲ ਤਿਆਰ ਕੀਤੀ ਹੁੰਦੀ ਹੈ। ਕ੍ਰਾਊਨ ਕੋਰਟ ਵਿੱਚ ਬੱਚੇ ਜਾਂ ਨੌਜਵਾਨ ਵਿਅਕਤੀ ਦੇ ਮੁਕੱਦਮੇ ਨੂੰ ਬਹੁਤ ਜ਼ਿਆਦਾ ਗੰਭੀਰ ਕੇਸਾਂ ਲਈ ਜਾਂ ਉਨ੍ਹਾਂ ਕੇਸਾਂ ਲਈ ਰਾਖਵਾਂ ਰੱਖਣਾ ਚਾਹੀਦਾ ਹੈ ਜਿੱਥੇ ਨਿਆਂ ਦੇ ਹਿੱਤ ਲਈ ਲੋੜੀਂਦਾ ਹੁੰਦਾ ਹੈ ਕਿ ਬੱਚੇ ਜਾਂ ਨੌਜਵਾਨ ਵਿਅਕਤੀ ’ਤੇ ਇੱਕ ਬਾਲਗ ਨਾਲ ਸਾਂਝੇ ਤੌਰ ’ਤੇ ਮੁਕੱਦਮਾ ਚਲਾਇਆ ਜਾਵੇ।

# ਦੋਸ਼ ਕਬੂਲ ਕਰਨ ਦੀਆਂ ਬੇਨਤੀਆਂ ਸਵੀਕਾਰ ਕਰਨੀਆਂ

9.1. ਪ੍ਰਤਿਵਾਦੀ ਕੁਝ ਦੋਸ਼ਾਂ ਲਈ, ਪਰ ਸਾਰਿਆਂ ਲਈ ਨਹੀਂ, ਦੋਸ਼ ਕਬੂਲ ਕਰਨ ਦਾ ਇਛੁੱਕ ਹੋ ਸਕਦਾ ਹੈ। ਬਦਲ ਦੇ ਤੌਰ ’ਤੇ, ਉਹ ਵੱਖਰੇ, ਸੰਭਾਵੀ ਤੌਰ ’ਤੇ ਘੱਟ ਗੰਭੀਰ, ਇਲਜ਼ਾਮ ਲਈ ਦੋਸ਼ ਕਬੂਲ ਕਰਨ ਦੇ ਇਛੁੱਕ ਹੋ ਸਕਦੇ ਹਨ ਕਿਉਂਕਿ ਉਹ ਜੁਰਮ ਦੇ ਇਸ ਇੱਕ ਹਿੱਸੇ ਨੂੰ ਹੀ ਕਬੂਲ ਕਰ ਰਹੇ ਹੁੰਦੇ ਹਨ।

9.2. ਪ੍ਰੋਸੀਕਿਊਟਰਾਂ ਨੂੰ ਪ੍ਰਤਿਵਾਦੀ ਦੀ ਬੇਨਤੀ ਸਿਰਫ ਤਾਂ ਹੀ ਸਵੀਕਾਰ ਕਰਨੀ ਚਾਹੀਦੀ ਹੈ ਜੇ:

- ਅਦਾਲਤ ਅਜਿਹੀ ਸਜ਼ਾ ਸੁਣਾ ਸਕਦੀ ਹੈ ਜੋ ਜੁਰਮ ਦੀ ਗੰਭੀਰਤਾ ਨਾਲ ਮੇਲ ਖਾਂਦੀ ਹੈ, ਖਾਸ ਤੌਰ ’ਤੇ ਜਿੱਥੇ ਗੰਭੀਰ ਵਿਸ਼ੇਸ਼ਤਾ ਹੁੰਦੇ ਹਨ।
- ਇਹ ਅਦਾਲਤ ਤੋਂ ਢੁਕਵੇਂ ਕੇਸਾਂ ਵਿੱਚ ਜ਼ਬਤੀ ਦੇ ਹੁਕਮ ਦੁਆ ਸਕਦੀ ਹੈ, ਜਿੱਥੇ ਇੱਕ ਪ੍ਰਤਿਵਾਦੀ ਨੂੰ ਮੁਜ਼ਰਮਾਨਾ ਵਿਵਹਾਰ ਕਰਕੇ ਫਾਇਦਾ ਹੋਇਆ ਹੈ; ਅਤੇ
- ਇਹ ਹੋਰ ਸਹਾਇਕ ਹੁਕਮ ਲਾਗੂ ਕਰਨ ਲਈ ਅਦਾਲਤ ਨੂੰ ਢੁਕਵੀਆਂ ਤਾਕਤਾਂ ਮੁਹੱਈਆ ਕਰਦੀ ਹੈ, ਜਿਸ ਵਿੱਚ ਇਹ ਗੱਲ ਧਿਆਨ ਵਿੱਚ ਹੁੰਦੀ ਹੈ ਕਿ ਇਹ ਕੁਝ ਜੁਰਮਾਂ ਵਿੱਚ ਤਾਂ ਦਿੱਤੇ ਜਾ ਸਕਦੇ ਹਨ ਪਰ ਹੋਰਨਾਂ ਵਿੱਚ ਨਹੀਂ।

9.3. ਉਨ੍ਹਾਂ ਬੇਨਤੀਆਂ ਬਾਰੇ ਵਿਚਾਰ ਕਰਨ ਸਮੇਂ ਲਾਜ਼ਮੀ ਤੌਰ ’ਤੇ ਖਾਸ ਧਿਆਨ ਰੱਖਣਾ ਚਾਹੀਦਾ ਹੈ ਜਿਸ ਨਾਲ ਪ੍ਰਤਿਵਾਦੀ ਘੱਟੋ-ਘੱਟ ਲਾਜ਼ਮੀ ਸਜ਼ਾ ਲਾਗੂ ਕੀਤੇ ਜਾਣ ਤੋਂ ਬਚਾਅ ਕਰ ਸਕੇਗਾ।

9.4. ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ’ਤੇ ਕਦੇ ਵੀ ਦੋਸ਼ ਕਬੂਲ ਕਰਨ ਦੀ ਬੇਨਤੀ ਮਹਿਜ਼ ਇਸ ਲਈ ਸਵੀਕਾਰ ਨਹੀਂ ਕਰਨੀ ਚਾਹੀਦੀ ਹੈ ਕਿ ਇਹ ਸੁਖਾਲੀ ਹੁੰਦੀ ਹੈ।

9.5. ਇਸ ਬਾਰੇ ਫੈਸਲਾ ਕਰਦਿਆਂ ਕਿ ਕੀ ਪੇਸ਼ ਕੀਤੀਆਂ ਗਈਆਂ ਬੇਨਤੀਆਂ ਸਵੀਕਾਰਨਯੋਗ ਹਨ, ਪ੍ਰੋਸੀਕਿਊਟਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੀੜ੍ਹਤ ਦੇ ਹਿੱਤ ਅਤੇ, ਜਿੱਥੇ ਸੰਭਵ ਹੁੰਦਾ ਹੈ, ਉਸ ਦੇ ਵਿਚਾਰ, ਜਾਂ ਢੁਕਵੇਂ ਕੇਸਾਂ ਵਿੱਚ ਪੀੜ੍ਹਤ ਦੇ ਪਰਿਵਾਰ ਦੇ ਵਿਚਾਰਾਂ ਨੂੰ ਇਹ ਫੈਸਲਾ ਕਰਦੇ ਸਮੇਂ ਧਿਆਨ ਵਿੱਚ ਰੱਖਿਆ ਜਾਂਦਾ ਹੈ ਕਿ ਕੀ ਬੇਨਤੀ ਸਵੀਕਾਰ ਕਰਨੀ ਜਨਤਾ ਦੇ ਹਿੱਤ ਵਿੱਚ ਹੈ। ਪਰ ਫੈਸਲਾ ਪ੍ਰੋਸੀਕਿਊਟਰ ਨੇ ਲੈਣਾ ਹੁੰਦਾ ਹੈ।

9.6. ਅਦਾਲਤ ਸਾਹਮਣੇ ਇਹ ਲਾਜ਼ਮੀ ਤੌਰ ’ਤੇ ਸਪਸ਼ਟ ਕਰਨਾ ਚਾਹੀਦਾ ਹੈ ਕਿ ਕਿਸ ਆਧਾਰ ’ਤੇ ਕੋਈ ਵੀ ਬੇਨਤੀ ਪੇਸ਼ ਕੀਤੀ ਅਤੇ ਸਵੀਕਾਰ ਕੀਤੀ ਜਾਂਦੀ ਹੈ। ਅਜਿਹੇ ਕੇਸਾਂ ਵਿੱਚ ਜਿੱਥੇ ਪ੍ਰਤਿਵਾਦੀ ਲਗਾਏ ਇਲਜ਼ਾਮਾਂ ਲਈ ਦੋਸ਼ ਕਬੂਲ ਕਰਦਾ ਹੈ ਪਰ ਇਹ ਉਨ੍ਹਾਂ ਤੱਥਾਂ ’ਤੇ ਹੁੰਦਾ ਹੈ ਜੋ ਪ੍ਰੋਸੀਕਿਊਸ਼ਨ ਕੇਸ ਤੋਂ ਵੱਖਰੇ ਹੁੰਦੇ ਹਨ, ਅਤੇ ਜਿੱਥੇ ਇਹ ਸਜ਼ਾ ’ਤੇ ਕਾਫੀ ਜ਼ਿਆਦਾ ਅਸਰ ਪਾ ਸਕਦਾ ਹੈ, ਤਾਂ ਉੱਥੇ ਅਦਾਲਤ ਨੂੰ ਇਹ ਨਿਰਧਾਰਤ ਕਰਨ ਲਈ ਸਬੂਤ ਦੀ ਸੁਣਵਾਈ ਲਈ ਸੱਦਾ ਦੇਣਾ ਚਾਹੀਦਾ ਹੈ ਕਿ ਕੀ ਵਾਪਰਿਆ ਸੀ, ਅਤੇ ਫੇਰ ਉਸ ਆਧਾਰ ’ਤੇ ਸਜ਼ਾ ਦੇਣੀ ਚਾਹੀਦੀ ਹੈ।

9.7. ਜਿੱਥੇ ਪ੍ਰਤਿਵਾਦੀ ਨੇ ਪਹਿਲਾਂ ਇਹ ਦੱਸਿਆ ਸੀ ਕਿ ਉਹ ਅਦਾਲਤ ਨੂੰ ਸਜ਼ਾ ਦੇਣ ਸਮੇਂ ਅਪਰਾਧ ਨੂੰ ਧਿਆਨ ਵਿੱਚ ਰੱਖਣ ਬਾਰੇ ਕਹਿਣਗੇ, ਪਰ ਫੇਰ ਅਦਾਲਤ ਵਿੱਚ ਉਸ ਅਪਰਾਧ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੰਦੇ ਹਨ, ਤਾਂ ਪ੍ਰੋਸੀਕਿਊਟਰ ਇਹ ਵਿਚਾਰ ਕਰਨਗੇ ਕਿ ਕੀ ਉਸ ਅਪਰਾਧ ਲਈ ਮੁਕੱਦਮੇ ਦੀ ਜ਼ਰੂਰਤ ਹੈ। ਪ੍ਰੋਸੀਕਿਊਟਰ ਨੂੰ ਪੁਲਿਸ ਅਤੇ ਜਿੱਥੇ ਕਿਧਰੇ ਸੰਭਵ ਹੁੰਦਾ ਹੈ ਹੋਰਨਾਂ ਜਾਂਚਕਰਤਾਵਾਂ ਨਾਲ ਸਲਾਹ ਮਸ਼ਵਰੇ ਨਾਲ ਬਚਾਅ ਪੱਖ ਦੇ ਵਕੀਲ ਅਤੇ ਅਦਾਲਤ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਸ ਅਪਰਾਧ ਬਾਰੇ ਮੁਕੱਦਮਾ ਅਗਲੇਰੀ ਸਮੀਖਿਆ ਦਾ ਵਿਸ਼ਾ ਹੋ ਸਕਦਾ ਹੈ।

# ਮੁਕੱਦਮੇ ਦੇ ਫੈਸਲੇ ਬਾਰੇ ਮੁੜ ਵਿਚਾਰ ਕਰਨਾ

10.1. ਲੋਕਾਂ ਨੂੰ CPS ਵੱਲੋਂ ਲਏ ਫੈਸਲਿਆਂ ਉੱਤੇ ਨਿਰਭਰ ਹੋਣਾ ਚਾਹੀਦਾ ਹੈ। ਆਮ ਤੌਰ 'ਤੇ ਜੇ CPS ਸ਼ੱਕੀ ਵਿਅਕਤੀ ਜਾਂ ਪ੍ਰਤਿਵਾਦੀ ਨੂੰ ਇਹ ਦੱਸਦੀ ਹੈ ਕਿ ਮੁਕੱਦਮਾ ਨਹੀਂ ਚਲਾਇਆ ਜਾਵੇਗਾ, ਜਾਂ ਇਹ ਕਿ ਮੁਕੱਦਮੇ ਦੀ ਕਾਰਵਾਈ ਰੋਕ ਦਿੱਤੀ ਗਈ ਹੈ, ਤਾਂ ਫੇਰ ਕੇਸ ਮੁੜ ਤੋਂ ਸ਼ੁਰੂ ਨਹੀਂ ਹੋਵੇਗਾ। ਪਰ ਕਦੇ-ਕਦਾਈਂ ਅਜਿਹੇ ਕੇਸ ਹੁੰਦੇ ਹਨ ਜਿੱਥੇ CPS ਮੁਕੱਦਮਾ ਨਾ ਚਲਾਉਣ ਜਾਂ ਕੇਸ ਨੂੰ ਅਦਾਲਤ ਤੋਂ ਬਾਹਰ ਵਾਲੇ ਨਿਪਟਾਰੇ ਜ਼ਰੀਏ ਨਜਿੱਠਣ ਦੇ ਫੈਸਲੇ ਨੂੰ ਉਲਟਾ ਦੇਵੇਗੀ ਜਾਂ ਜਦੋਂ ਇਹ ਮੁਕੱਦਮੇ ਦੀ ਕਾਰਵਾਈ ਮੁੜ ਸ਼ੁਰੂ ਕਰੇਗੀ, ਖਾਸ ਤੌਰ 'ਤੇ ਜੇ ਇੱਕ ਕੇਸ ਗੰਭੀਰ ਹੁੰਦਾ ਹੈ।

10.2. ਇਨ੍ਹਾਂ ਕੇਸਾਂ ਵਿੱਚ ਸ਼ਾਮਲ ਹਨ:

- ਅਜਿਹੇ ਕੇਸ ਜਿੱਥੇ ਆਰੰਭਕ ਫੈਸਲੇ ਦੀ ਅਗਲੇਰੀ ਸਮੀਖਿਆ ਇਹ ਦਿਖਾਉਂਦੀ ਹੈ ਕਿ ਇਹ ਗਲਤ ਸੀ ਅਤੇ, ਫੌਜਦਾਰੀ ਨਿਆਂਇਕ ਪ੍ਰਣਾਲੀ ਵਿੱਚ ਭਰੋਸਾ ਕਾਇਮ ਰੱਖਣ ਲਈ ਆਰੰਭਕ ਫੈਸਲੇ ਦੇ ਬਾਵਜੂਦ ਮੁਕੱਦਮੇ ਦੀ ਕਾਰਵਾਈ ਕਰਨੀ ਚਾਹੀਦੀ ਹੈ;
- ਜਿਹੜੇ ਕੇਸ ਇਸ ਲਈ ਰੋਕ ਦਿੱਤੇ ਜਾਂਦੇ ਹਨ ਤਾਂ ਜੋ ਅਗਲੇਰਾ ਅਨੁਮਾਨਤ ਸਬੂਤ, ਜਿਸ ਦੇ ਕਾਫੀ ਹੱਦ ਤੱਕ ਨੇੜਲੇ ਭਵਿੱਖ ਵਿੱਚ ਉਪਲਬਧ ਹੋਣ ਦੀ ਸੰਭਾਵਨਾ ਹੁੰਦੀ ਹੈ, ਇਕੱਤਰ ਕੀਤਾ ਅਤੇ ਤਿਆਰ ਕੀਤਾ ਜਾ ਸਕੇ। ਇਨ੍ਹਾਂ ਕੇਸਾਂ ਵਿੱਚ ਪ੍ਰੋਸੀਕਿਊਟਰ ਪ੍ਰਤਿਵਾਦੀ ਨੂੰ ਇਹ ਦੱਸੇਗਾ ਕਿ ਮੁਕੱਦਮੇ ਦੀ ਕਾਰਵਾਈ ਮੁੜ ਤੋਂ ਸ਼ੁਰੂ ਹੋ ਸਕਦੀ ਹੈ;
- ਉਹ ਕੇਸ ਜਿਨ੍ਹਾਂ ਲਈ ਮੁਕੱਦਮਾ ਨਹੀਂ ਚਲਾਇਆ ਜਾਂਦਾ ਜਾਂ ਸਬੂਤ ਦੀ ਘਾਟ ਕਰਕੇ ਰੋਕ ਦਿੱਤੇ ਜਾਂਦੇ ਹਨ ਪਰ ਜਿੱਥੇ ਬਾਅਦ ਵਿੱਚ ਜ਼ਿਆਦਾ ਅਹਿਮ ਸਬੂਤ ਲੱਭ ਜਾਂਦਾ ਹੈ; ਅਤੇ
- ਮੌਤ ਨਾਲ ਸਬੰਧਤ ਕੇਸ ਜਿਨ੍ਹਾਂ ਵਿੱਚ ਮੌਤ ਦੀ ਨਿਆਂਇਕ ਜਾਂਚ ਦੇ ਜਾਂਚ-ਨਤੀਜਿਆਂ ਦੀ ਸਮੀਖਿਆ ਇਹ ਸਿੱਟਾ ਕੱਢਦੀ ਹੈ ਕਿ ਮੁਕੱਦਮੇ ਦੀ ਕਾਰਵਾਈ ਕਰਨੀ ਚਾਹੀਦੀ ਹੈ, ਜੋ ਇਸ ਤੋਂ ਪਹਿਲਾਂ ਮੁਕੱਦਮਾ ਨਾ ਚਲਾਉਣ ਦੇ ਆਰੰਭਕ ਫੈਸਲੇ ਦਾ ਬਾਵਜੂਦ ਹੁੰਦਾ ਹੈ।

10.3. ਪੀੜ੍ਹਤਾਂ ਦੇ ਸਮੀਖਿਆ ਦੇ ਅਧਿਕਾਰ ਦੀ ਸਕੀਮ ਤਹਿਤ, ਪੀੜ੍ਹਤ ਮੁਕੱਦਮੇ ਦੀ ਕਾਰਵਾਈ ਸ਼ੁਰੂ ਨਾ ਕਰਨ ਜਾਂ ਮੁਕੱਦਮੇ ਦੀ ਕਾਰਵਾਈ ਰੋਕਣ ਲਈ CPS ਦੇ ਖਾਸ ਫੈਸਲਿਆਂ ਬਾਰੇ ਸਮੀਖਿਆ ਦੀ ਮੰਗ ਕਰ ਸਕਦੇ ਹਨ।

## ਬਦਲਵਾਂ ਫਾਰਮੇਟ

ਇਹ ਪ੍ਰਕਾਸ਼ਨ www.cps.gov.uk ’ਤੇ ਵੈਲਸ਼ ਅਤੇ ਆਸਾਨੀ ਨਾਲ ਪੜ੍ਹੇ ਜਾਣ ਵਾਲੇ ਸੰਸਕਰਨ ਵਿੱਚ ਉਪਲਬਧ ਹੋਵੇਗਾ। ਬਦਲਵੇਂ ਫਾਰਮੇਟ ਵਿੱਚ CPS ਪ੍ਰਕਾਸ਼ਨ ਤੱਕ ਪਹੁੰਚ ਕਰਨ ਵਾਸਤੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਇੱਥੇ ਸੰਪਰਕ ਕਰੋ:

enquiries@cps.gov.uk

## ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ ਬਾਰੇ

CPS ਇੰਗਲੈਂਡ ਅਤੇ ਵੇਲਜ਼ ਵਿੱਚ ਫੌਜਦਾਰੀ ਅਦਾਲਤਾਂ ਵਿੱਚ ਸੁਣੇ ਜਾਂਦੇ ਜ਼ਿਆਦਾਤਰ ਕੇਸਾਂ ਲਈ ਮੁਕੱਦਮਾ ਚਲਾਉਣ ਲਈ ਜ਼ਿੰਮੇਵਾਰ ਹੈ। ਡਾਇਰੈਕਟੋਰੇਟ ਆਫ਼ ਪਬਲਿਕ ਪ੍ਰੋਸੀਕਿਊਸ਼ਨ ਵੱਲੋਂ ਇਸ ਦੀ ਅਗਵਾਈ ਕੀਤੀ ਜਾਂਦੀ ਹੈ ਅਤੇ ਇਹ ਪੁਲਿਸ ਅਤੇ ਹੋਰਨਾਂ ਏਜੰਸੀਆਂ ਵੱਲੋਂ ਜਾਂਚ ਕੀਤੇ ਜਾਂਦੇ ਫੌਜਦਾਰੀ ਕੇਸਾਂ ਬਾਰੇ ਸੁਤੰਤਰ ਰੂਪ ਵਿੱਚ ਕਾਰਵਾਈ ਕਰਦੀ ਹੈ। CPS ਜ਼ਿਆਦਾ ਗੰਭੀਰ ਅਤੇ ਪੇਚੀਦਾ ਕੇਸਾਂ ਵਿੱਚ ਢੁਕਵੇਂ ਦੋਸ਼ਾਂ ਬਾਰੇ ਫੈਸਲਾ ਕਰਨ ਲਈ ਜ਼ਿੰਮੇਵਾਰ ਹੈ ਅਤੇ ਪੀੜ੍ਹਤਾਂ ਅਤੇ ਗਵਾਹਾਂ ਨੂੰ ਜਾਣਕਾਰੀ, ਸਹਾਇਤਾ ਅਤੇ ਸਹਾਰਾ ਦਿੰਦੀ ਹੈ।

cps.gov.uk

@cpsuk

ਕ੍ਰਾਊਨ ਪ੍ਰੋਸੀਕਿਊਟਰਾਂ ਲਈ ਨੇਮਾਵਲੀ

8ਵਾਂ ਸੰਸਕਰਨ, ਅਕਤੂਬਰ 2018

© ਕ੍ਰਾਊਨ ਕਾਪੀਰਾਈਟ